# ਗੁਰਮਤਿ ਸੰਗੀਤ ਪਰੰਪਰਾ



ਮਨਜੀਤ ਕੌਰ

# ਗੁਰਮਤਿ ਸੰਗੀਤ ਪਰੰਪਰਾ


ਪ੍ਰੋ. ਮਨਜੀਤ ਕੌਰ

ਐਮ.ਏ. ਐਮ. ਫਿਲ. (ਸੰਗੀਤ ਗਾਇਨ)



TWENTY FIRST CENTURY PUBLICATIONS, PATIALA

First edition published in 2005 by
TWENTY FIRST CENTURY PUBLICATIONS, PATIALA
Opposite Main Gate, Punjabi University, Patiala,
Punjab (INDIA)
Ph. 0175-5000633, 98158-03888
e-mail : rinku_randhawa77@yahoo.com

COPYRIGHT NOTICE

All Rights Reserved. No part of this publication may be reproduced, stored in a retrieval system, or transmitted, in any form or by any means, electronic, mechanical, photocopying, recording, or otherwise, without the permission of Twenty First Century Publications, Patiala.

© Author

GURMAT SANGEET PARAMPARA

*by*

PROF. MANJEET KAUR

Price : 120/-

Laser Type Setting at: Universal Computers, Patiala

Printed at : Shaheed-e-Azam Press, Patiala. 0175-2357981

# ਆਰੰਭਕ ਸ਼ਬਦ

ਰਾਗ ਰੂਹ ਦੀ ਆਵਾਜ਼ ਹੈ ਜੋ ਪਰਮਾਤਮਾ ਤੱਕ ਸਿੱਧੀ ਪਹੁੰਚਦੀ ਹੈ ਅਤੇ ਜੇ ਨਾਲ ਸ਼ਬਦ ਰਲਾ ਗਾਇਆ ਜਾਵੇ ਤਾਂ ਪ੍ਰਭੂ ਦੀ ਹਜ਼ੂਰੀ ਮਿਲ ਜਾਂਦੀ ਹੈ। ਗੁਰੂ ਨਾਨਕ ਪਾਤਸ਼ਾਹ ਨੇ ਰਾਗ ਪਾਇ ਕੇ ਜਦ ਸ਼ਬਦ ਗਾਇਆ ਤਾਂ ਕੀਰਤਨ ਦਾ ਜਨਮ ਹੋਇਆ। ਗੁਰੂ ਸਾਹਿਬ ਮਰਦਾਨੇ ਨੂੰ ਕਹਿੰਦੇ ਸਨ : ਮਰਦਾਨਿਆ ਰਬਾਬ ਛੇੜ ਬਾਣੀ ਦਾ ਗਾਇਨ ਕਰੀਏ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਰਾਗਾਂ ਵਿਚ ਬਾਣੀ ਉਚਾਰ ਕੇ ਗੁਰਮਤਿ ਸੰਗੀਤ ਦੀ ਨੀਂਹ ਰੱਖੀ। ਗੁਰੂ ਗ੍ਰੰਥ ਸਾਹਿਬ ਵਿਚ 6 ਗੁਰੂ ਸਾਹਿਬਾਨ 15 ਭਗਤ ਅਤੇ ਭੱਟਾਂ ਦੀ ਬਾਣੀ ਵੱਖ-ਵੱਖ ਰਾਗਾਂ ਵਿਚ ਦਰਜ ਹੈ ਜਿਸ ਨੂੰ ਇਸ ਪੁਸਤਕ ਦਾ ਵਿਸ਼ਾ ਬਣਾਇਆ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਨਿਰਧਾਰਤ ਰਾਗਾਂ 'ਚ ਗੁਰਮਤਿ ਸੰਗੀਤ ਪਰੰਪਰਾ ਨਾਮਕ ਪੁਸਤਕ ਗੁਰਬਾਣੀ ਦੇ ਸ਼ੁੱਧ 31 ਰਾਗਾਂ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾ ਕੇ ਨਿਰਧਾਰਤ ਰਾਗਾਂ ਵਿਚ ਆਪ ਸ਼ਬਦ-ਬੰਦਸ਼ਾਂ ਤਿਆਰ ਕਰਕੇ ਇਹ ਪੁਸਤਕ ਪ੍ਰੋ. ਮਨਜੀਤ ਕੌਰ ਵੱਲੋਂ ਲਿਖੀ ਗਈ ਹੈ। ਪ੍ਰੋ. ਸਾਹਿਬ ਸ਼ਾਸਤਰੀ ਸੰਗੀਤ ਅਤੇ ਗੁਰਮੀਤ ਸੰਗੀਤ ਵਿਚ ਇਕ ਵਿਲੱਖਣ ਸਥਾਨ ਰੱਖਦੇ ਹਨ ਅਤੇ ਇਨ੍ਹਾਂ ਨੇ ਐੱਮ.ਏ. ਸੰਗੀਤ ਦਿੱਲੀ ਯੂਨੀਵਰਸਿਟੀ ਅਤੇ ਐੱਮ.ਫਿਲ. ਦੀ ਡਿਗਰੀ ਇਸੇ ਹੀ ਯੂਨੀਵਰਸਿਟੀ ਤੋਂ ਡਾ. ਅਜੀਤ ਸਿੰਘ ਪੇਂਤਲ ਦੀ ਨਿਗਰਾਨੀ ਹੇਠ ਪ੍ਰਾਪਤ ਕੀਤੀ ਹੈ। ਪਿਛਲੇ ਕਾਫ਼ੀ ਸਮੇਂ ਤੋਂ ਪ੍ਰੋ. ਸਾਹਿਬ ਜਵੱਦੀ ਟਕਸਾਲ ਵੱਲੋਂ ਕਰਵਾਏ ਜਾ ਰਹੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਵਿਚ ਸ਼ਬਦ ਗਾਇਨ ਕਰਦੇ ਆ ਰਹੇ ਹਨ। ਪ੍ਰੋ. ਸਾਹਿਬ ਵੱਲੋਂ ਆਪਣੀ ਮਿਹਨਤ ਸਦਕਾ ਆਪਣਾ ਸਮੁੱਚਾ ਗਿਆਨ ਸੰਗੀਤ ਪ੍ਰੇਮੀਆਂ ਵਿਚ ਵੰਡਣ ਲਈ ਇਹ ਪੁਸਤਕ ਲਿਖ ਕੇ ਜੋ ਸ਼ਲਾਘਾਯੋਗ ਉਦਮ ਕੀਤਾ ਹੈ, ਉਸ ਤੋਂ ਸੰਗੀਤ ਦੇ ਵਿਦਿਆਰਥੀ, ਸੰਗੀਤ ਪ੍ਰੇਮੀ ਕੀਰਤਨੀਏ, ਸਕੂਲਾਂ ਕਾਲਜਾਂ ਦੇ ਬੱਚੇ ਲਾਭ ਉਠਾ ਸਕਣਗੇ ਅਤੇ ਇਹ ਪੁਸਤਕ *'ਗੁਰਮਤਿ ਸੰਗੀਤ ਪਰੰਪਰਾ'* ਸੰਗੀਤ ਦੇ ਸੰਸਾਰ ਵਿਚ ਮੀਲ ਪੱਥਰ ਸਾਬਤ ਹੋਵੇਗੀ। ਮੇਰੀ ਅਸੀਸ ਹੈ ਕਿ ਭਵਿੱਖ ਵਿਚ ਇਸੇ ਤਰ੍ਹਾਂ ਇਹ ਸੰਗੀਤ ਸੰਸਾਰ ਦੀ ਸੇਵਾ ਕਰਦੇ ਰਹਿਣ।

**ਸੰਤ ਗਿਆਨੀ ਅਮੀਰ ਸਿੰਘ**
ਮੁਖੀ, ਜਵੱਦੀ ਕਲਾਂ ਟਕਸਾਲ,
ਲੁਧਿਆਣਾ।

# ਭੂਮਿਕਾ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਰਬ ਲੋਕਾਈ ਦੇ ਸਰਬ ਕਲਿਆਣ ਵਾਸਤੇ ਧੁਰ ਕੀ ਬਾਣੀ ਉਚਾਰ ਕੇ ਸਿੱਖ ਪੰਥ ਦੀ ਨੀਂਹ ਰੱਖੀ। ਗੁਰੂ ਸਾਹਿਬ ਨੇ ਆਪਣੀ ਸਮੁੱਚੀ ਬਾਣੀ ਰਾਗਾਂ ਦੇ ਅੰਤਰਗਤ ਉਚਾਰ ਕੇ ਗੁਰਮਤਿ ਸੰਗੀਤ ਦਾ ਮੁੱਢ ਬੰਨਿਆ। ਉਨ੍ਹਾਂ ਦੇ ਉੱਤਰਾਧਿਕਾਰੀ ਗੁਰੂ ਸਾਹਿਬਾਨਾਂ ਨੇ ਵੀ ਇਸੇ ਸਿਧਾਂਤ ਨੂੰ ਅੱਗੇ ਤੋਰਦਿਆਂ ਰਾਗਾਂ ਅਧੀਨ ਬਾਣੀ ਦੀ ਰਚਨਾ ਕੀਤੀ। ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਮੁੱਚੀ ਬਾਣੀ ਦੀ ਸੰਪਾਦਨਾ ਦਾ ਆਧਾਰ ਰਾਗਾਂ ਨੂੰ ਹੀ ਰੱਖਿਆ ਅਤੇ ਸਿੱਖ ਸੰਗਤਾਂ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਗੁਰਮਤਿ ਸੰਗੀਤ ਮਰਯਾਦਾ ਦੇ ਅੰਤਰਗਤ ਵਿਵਹਾਰਿਕ ਅਤੇ ਕ੍ਰਿਆਤਮਿਕ ਰੂਪ ਵਿਚ ਸ਼ਬਦ ਕੀਰਤਨ ਕਰਨ ਦੀ ਦਾਤ ਬਖਸ਼ੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਮੁੱਚੀ ਬਾਣੀ ਰਾਗ, ਰਹਾਉ, ਅੰਕ, ਘਰੁ ਅਤੇ ਵਿਭਿੰਨ ਗਾਇਨ ਰੂਪਾਂ, ਕੀਰਤਨ ਚੌਂਕੀਆਂ, ਸਾਜ਼ਾਂ ਨਾਲ ਸੰਬੰਧਿਤ ਸਿਰਲੇਖਾਂ ਅਧੀਨ ਪ੍ਰਾਪਤ ਹੁੰਦੀ ਹੈ।

ਭਾਰਤੀ ਸੰਗੀਤ ਦੇ ਇਤਿਹਾਸ ਵਿਚ ਗੁਰਮਤਿ ਸੰਗੀਤ ਦਾ ਵਿਸ਼ੇਸ਼ ਮਹੱਤਵ ਅਤੇ ਸਥਾਨ ਹੈ। ਇਸ ਵਿਚਲੇ ਰਾਗ ਪ੍ਰਬੰਧ ਨੇ ਭਾਰਤੀ ਰਾਗ ਵਿਦਿਆ ਦੀ ਸੰਸਕ੍ਰਿਤੀ ਨੂੰ ਨਾ ਕੇਵਲ ਸੰਭਾਲਿਆ ਹੀ ਹੈ ਸਗੋਂ ਇਸ ਨੂੰ ਵਿਕਸਤ ਕਰਕੇ ਮਹਾਨ ਯੋਗਦਾਨ ਵੀ ਪਾਇਆ ਹੈ। ਮਾਨਵ ਕਲਿਆਣ ਹਿੱਤ ਗੁਰੂ ਸਾਹਿਬਾਨ ਨੇ ਸੰਗੀਤ ਕਲਾ ਨੂੰ ਨਵ-ਰੂਪ ਦੇ ਕੇ ਮਾਨਵ ਜ਼ਿੰਦਗੀ ਦੀ ਸੰਪੂਰਨ ਉਸਾਰੀ ਵਿਚ ਰਾਗ ਦੇ ਮਹੱਤਵ ਅਤੇ ਸਾਰਥਿਕਤਾ ਨੂੰ ਦ੍ਰਿੜ ਕੀਤਾ ਹੈ। ਗੁਰਬਾਣੀ ਫੁਰਮਾਨ ਹੈ :

ਧੰਨ ਸੁ ਰਾਗ ਸੁਰੰਗੜੇ ਅਲਾਪਤ ਸਭ ਤਿਖ ਜਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 958)

ਗੁਰਬਾਣੀ ਵਿਚ ਰਾਗ ਦੇ ਮਹਾਤਮ ਦੇ ਸੰਦਰਭ ਵਿਚ ਗੁਰਬਾਣੀ ਦੇ ਰਾਗ ਪ੍ਰਬੰਧ ਮਹੱਤਤਾ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਗੁਰਮਤਿ ਸੰਗੀਤ ਦਾ ਵਿਕਾਸ ਅਤੇ ਪ੍ਰਚਾਰ ਪੁਰਾਤਨ ਸਮੇਂ ਤੋਂ ਚਲਿਆ ਆ ਰਿਹਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਸੰਗੀਤ ਨੂੰ ਅਧਿਆਤਮਕ ਰੂਪ ਦੇ ਕੇ ਇਸ ਕਲਾ ਨੂੰ ਪੂਰਾ ਕਰਦਿਆਂ ਗੁਰਮਤਿ ਕੀਰਤਨ ਦੀ ਨੀਂਹ ਹੀ ਰੱਖੀ, ਸਗੋਂ ਇਸ ਨੂੰ ਪ੍ਰਚਾਰਿਆ ਵੀ। ਉਨ੍ਹਾਂ ਨੇ ਗੁਰਬਾਣੀ ਕੀਰਤਨ ਨੂੰ ਵੱਖ-ਵੱਖ ਰਾਗਾਂ ਵਿਚ ਗਾਉਣ ਦਾ ਆਦੇਸ਼ ਦਿੱਤਾ। ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਨੂੰ ਚੁਣ ਕੇ ਆਪਣੀ ਰੱਬੀ ਬਾਣੀ ਦਾ ਉਹਨਾਂ ਵਿਚ ਉਚਾਰਨ ਕੀਤਾ ਅਤੇ ਕੀਰਤਨ ਨੂੰ ਕੇਵਲ ਆਤਮਿਕ ਸ਼ਾਂਤੀ ਅਤੇ ਪ੍ਰਭੂ ਮਿਲਣ ਦਾ ਮਾਧਿਅਮ ਸਵੀਕਾਰ ਕੀਤਾ।

ਹੱਥਲੀ ਪੁਸਤਕ 'ਗੁਰਮਤਿ ਸੰਗੀਤ ਪਰੰਪਰਾ' ਮੇਰੇ ਵੱਲੋਂ ਇਕ ਨਿਮਾਣਾ ਜਿਹਾ ਯਤਨ ਹੈ ਜੋ ਕਿ ਮੇਰੇ ਮਨ ਦਾ ਸੰਕਲਪ ਸੀ ਕਿ 31 ਰਾਗਾਂ ਵਿਚ ਕੀਰਤਨ ਦੀਆਂ ਬੰਦਿਸ਼ਾਂ ਤਿਆਰ ਕਰਕੇ ਇਸ ਦਾਤ ਨੂੰ ਨੌਜਵਾਨ ਬੱਚਿਆਂ ਅਤੇ ਕੀਰਤਨੀਆਂ ਵਿਚ ਵੰਡਿਆ ਜਾ ਸਕੇ। ਸੋ ਗੁਰੂ ਨੇ ਪੂਰੀ ਬਖ਼ਸ ਕੀਤੀ ਹੈ ਕਿ ਮੈਂ ਇਹ ਕਾਰਜ ਸੰਪੂਰਨ ਕਰ ਸਕੀ।

ਮੈਨੂੰ ਇਹ ਕਾਰਜ ਸੰਪੰਨ ਕਰਨ ਲਈ ਮੇਰੇ ਬੱਚਿਆਂ ਅਤੇ ਮੇਰੇ ਜੀਵਨ ਸਾਥੀ ਸ. ਗੁਰਿੰਦਰ ਪਾਲ ਸਿੰਘ ਤੋਂ ਇਲਾਵਾ ਮੇਰੇ ਦਾਰ ਜੀ ਸ. ਗੁਰਬਚਨ ਸਿੰਘ ਜੀ ਨੇ ਵੀ ਮੈਨੂੰ ਪੂਰਨ ਸਹਿਯੋਗ ਦਿੱਤਾ। ਮੈਂ ਉਹਨਾਂ ਦੀ ਧੰਨਵਾਦੀ ਹਾਂ। ਇਸ ਪੁਸਤਕ ਦੇ ਪ੍ਰਕਾਸ਼ਨ ਵਿਚ ਰਹੀਆਂ ਕਮੀਆਂ ਲਈ ਮੈਂ ਖਿਮਾ ਦੀ ਜਾਚਕ ਹਾਂ ਅਤੇ ਕੀਮਤੀ ਸੁਝਾਵਾਂ ਲਈ ਆਪ ਸਭ ਦੀ ਹਮੇਸ਼ਾ ਰਿਣੀ ਰਹਾਂਗੀ।

ਪ੍ਰੋ. ਮਨਜੀਤ ਕੌਰ
15 ਈ, ਮਜੀਠੀਆ ਐਨਕਲੇਵ,
ਪਟਿਆਲਾ।

# ਵਿਸ਼ਾ ਸੂਚੀ


ਆਰੰਭਕ ਸ਼ਬਦ iii

ਭੂਮਿਕਾ v-vi

ਅਧਿਆਇ ਪਹਿਲਾ
ਗੁਰਮਤਿ ਸੰਗੀਤ ਪ੍ਰਬੰਧ 1-14

ਅਧਿਆਇ ਦੂਜਾ
ਗੁਰਮਤਿ ਸੰਗੀਤ : ਗਾਇਨ ਸ਼ੈਲੀਆਂ 15-18

ਅਧਿਆਇ ਤੀਜਾ
ਗੁਰਮਤਿ ਸੰਗੀਤ : ਕੀਰਤਨ ਚੌਂਕੀਆਂ 19-22

ਅਧਿਆਇ ਚੌਥਾ
ਗੁਰਮਤਿ ਸੰਗੀਤ : ਤੰਤੀ ਸਾਜ਼ 23-26

ਅਧਿਆਇ ਪੰਜਵਾਂ
ਗੁਰਮਤਿ ਸੰਗੀਤ : ਰਾਗ ਪਰੀਚੈ, ਸੁਰਲਿਪੀਆਂ 27-92

ਅਧਿਆਇ ਛੇਵਾਂ
ਗੁਰਮਤਿ ਸੰਗੀਤ : ਪ੍ਰਸਿੱਧ ਤਾਲ 93-102

ਪੁਸਤਕ-ਸੂਚੀ 103-106

*ਅਧਿਆਇ ਪਹਿਲਾ*

# ਗੁਰਮਤਿ ਸੰਗੀਤ ਪ੍ਰਬੰਧ

ਗੁਰਮਤਿ ਸੰਗੀਤ ਪਰੰਪਰਾ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੇਂਦਰੀ ਇਕਾਈ ਸ਼ਬਦ ਹੈ। ਗੁਰਬਾਣੀ ਉਪਰ ਰਾਗ ਸਿਰਲੇਖ ਰੂਪ ਵਿਚ ਅੰਕਿਤ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਦੇ ਸੰਚਾਰ ਦੇ ਲਈ ਜੋ ਮਾਧਿਅਮ ਅਪਣਾਇਆ ਉਹ ਸੰਗੀਤ ਦਾ ਹੈ। ਗੁਰੂ ਸਾਹਿਬ ਨੇ ਧੁਰ ਕੀ ਬਾਣੀ ਨੂੰ ਜਨ ਸਾਧਾਰਨ ਤਕ ਸੰਚਾਰਿਤ ਕਰਨ ਹਿੱਤ ਕੀਰਤਨ ਨੂੰ ਉੱਤਮ ਸਮਝਿਆ ਅਤੇ ਅਪਣਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਰਤਨ (ਸ਼ਬਦ) ਦੇ ਪ੍ਰਚਾਰ ਲਈ ਜਿਸ ਵਿਧਾਨ ਦੀ ਸਿਰਜਨਾ ਕੀਤੀ ਉਸ ਸਮੁੱਚੇ ਪ੍ਰਬੰਧ ਨੂੰ 'ਗੁਰਮਤਿ ਸੰਗੀਤ ਪ੍ਰਬੰਧ' ਕਿਹਾ ਜਾਂਦਾ ਹੈ। ਇਸ ਸੰਗੀਤ ਪ੍ਰਬੰਧ ਅਧੀਨ ਪ੍ਰਯੋਗ ਵਿਚ ਆਉਣ ਵਾਲੇ ਵਿਭਿੰਨ ਸੰਗੀਤਕ ਤੱਤ ਰਾਗ, ਮਹਲਾ, ਗਾਇਨ ਸ਼ੈਲੀਆਂ, ਰਹਾਉ, ਅੰਕ ਅਤੇ ਘਰੁ ਆਦਿ ਹਨ ਜੋ ਸੰਯੁਕਤ ਰੂਪ ਵਿਚ ਕਾਰਜਸ਼ੀਲ ਰਹਿੰਦੇ ਹਨ। ਇਹਨਾਂ ਸਾਰੇ ਸੰਗੀਤਕ ਤੱਤਾਂ ਵਿਚੋਂ ਪ੍ਰਮੁੱਖ ਅਤੇ ਮਹੱਤਵਪੂਰਨ ਤੱਤ 'ਰਾਗ' ਹੈ। ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਦਾ ਗਾਇਨ ਆਧਾਰ ਤੱਤ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੀ ਗੁਰੂ ਅਰਜਨ ਦੇਵ ਜੀ ਵੱਲੋਂ ਰਾਗ ਦੇ ਆਧਾਰ ਤੇ ਹੀ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰਬਾਣੀ ਵਿਚ ਅਨੇਕਾਂ ਗੁਰੂ ਫੁਰਮਾਨ ਮਿਲਦੇ ਹਨ ਜੋ ਰਾਗ ਦੇ ਮਹੱਤਵ ਨੂੰ ਉਜਾਗਰ ਕਰਦੇ ਹਨ :

- ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨ॥
- ਧੰਨ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ॥
- ਸਭਨਾ ਰਾਗਾਂ ਵਿਚ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥
- ਰਾਗ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨਾ ਜਾਇ॥

ਉਪਰੋਕਤ ਗੁਰ ਫੁਰਮਾਨਾਂ ਤੋਂ ਰਾਗ ਦੀ ਪ੍ਰਮੁੱਖਤਾ ਦਾ ਗਿਆਨ ਭਲੀ ਪ੍ਰਕਾਰ ਹੋ ਜਾਂਦਾ ਹੈ। ਇਨ੍ਹਾਂ ਵਿਚ ਰਾਗ ਦੀ ਸ਼ਕਤੀ ਦਾ ਪ੍ਰਗਟਾਵਾ ਹੁੰਦਾ ਹੈ, ਇਨ੍ਹਾਂ ਦੇ ਉਚਾਰਣ ਅਤੇ ਸਰਵਣ ਕਰਨ ਨਾਲ ਮਨ ਦੀ ਤ੍ਰਿਸ਼ਨਾ ਬੁਝ ਜਾਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰਬਾਣੀ ਦੀ ਸੰਗੀਤਾਤਮਿਕ ਅਤੇ ਰਾਗਾਤਮਿਕ ਪਿੱਠਭੂਮੀ ਨੂੰ ਜਾਨਣ ਲਈ ਜ਼ਰੂਰੀ ਹੈ ਕਿ ਰਾਗ ਪ੍ਰਬੰਧ ਨੂੰ ਗੁਰਮਤਿ ਸੰਗੀਤ ਦੇ ਸੰਦਰਭ ਵਿਚ ਵਾਚੀਏ। ਰਾਗ ਗੁਰਮਤਿ ਸੰਗੀਤ ਦੀ ਪ੍ਰਮੁੱਖ ਇਕਾਈ ਹੋਣ ਦੇ ਨਾਲ-ਨਾਲ ਭਾਰਤੀ ਸੰਗੀਤ ਦੀ ਵੀ ਕੇਂਦਰੀ ਅਤੇ ਪ੍ਰਮੁੱਖ ਇਕਾਈ ਹੈ। ਭਾਰਤੀ ਸੰਗੀਤ ਵਿਚ ਰਾਗ ਦੇ ਆਰੰਭ ਤੋਂ ਪਹਿਲਾਂ ਜਾਤੀ ਗਾਇਨ ਦਾ ਪ੍ਰਚਾਰ ਸੀ। ਸਰਬ ਪ੍ਰਥਮ ਰਾਗ ਦਾ ਉਲੇਖ ਸੱਤਵੀਂ ਸ਼ਤਾਬਦੀ ਦੇ ਪ੍ਰਸਿੱਧ ਸੰਗੀਤ ਗ੍ਰੰਥਕਾਰ ਮਤੰਗ ਮੁਨੀ ਦੇ ਗ੍ਰੰਥ 'ਬ੍ਰਿਹਦੇਸੀ' ਵਿਚ

ਮਿਲਦਾ ਹੈ। ਉਸ ਸਮੇਂ ਤੋਂ ਲੈ ਕੇ ਹੁਣ ਤਕ ਰਾਗ ਭਾਰਤੀ ਸੰਗੀਤ ਦੀ ਪ੍ਰਮੁੱਖ ਇਕਾਈ ਵਜੋਂ ਵਿਦਮਾਨ ਹੈ।

'ਰਾਗ' ਸੰਸਕ੍ਰਿਤ ਭਾਸ਼ਾ ਦਾ ਸਬਦ ਹੈ। ਰਾਗ ਸ਼ਬਦ ਦੀ ਉਤਪਤੀ ਰੰਜ ਧਾਤੂ ਤੋਂ ਹੋਈ ਮੰਨੀ ਜਾਂਦੀ ਹੈ ਜਿਸ ਦਾ ਅਰਥ ਹੈ - ਪ੍ਰਸੰਨ ਕਰਨਾ। ਉਹ ਰਚਨਾ ਜੋ ਰੰਜਕਤਾ ਪ੍ਰਦਾਨ ਕਰਦੀ ਹੋਵੇ ਤੇ ਜਨ-ਚਿਤ ਨੂੰ ਪ੍ਰਸੰਨ ਕਰੇ, ਰਾਗ ਕਹਾਉਂਦੀ ਹੈ। ਰਾਗ ਵਿਚ ਮਾਨਵ ਮਨ ਨੂੰ ਰੰਜਕਤਾ ਪ੍ਰਦਾਨ ਕਰਨ ਦੀ ਸ਼ਕਤੀ ਜਿਨ੍ਹਾਂ ਤੱਤਾਂ ਤੇ ਆਧਾਰਿਤ ਹੈ, ਉਹ ਸਵਰਾਂ ਦੇ ਅਲੱਗ-ਅਲੱਗ ਸਵਰ ਸਮੂਹ, ਕਣ, ਮੁਰਕੀ, ਖਟਕਾ ਅਤੇ ਕਾਕੂ ਭੇਦ ਵਰਗੀਆਂ ਵਿਭਿੰਨ ਗਾਇਨ ਕ੍ਰਿਆਵਾਂ ਹਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗ ਪੰਰਪਰਾ

ਗੁਰਮਤਿ ਸੰਗੀਤ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਦੋ ਵਿਧੀਆਂ ਨਾਲ ਦ੍ਰਿਸ਼ਟੀਗੋਚਰ ਹੁੰਦੇ ਹਨ। ਇਕ ਤਤਕਰੇ ਦੇ ਅੰਤਰਗਤ ਅਤੇ ਦੂਸਰਾ ਸਾਧਾਰਨ ਪਾਠ ਦੇ ਰੂਪ ਵਿਚ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਦੇ ਅਨੁਸਾਰ 31 ਰਾਗ ਮਿਲਦੇ ਹਨ ਜੋ ਮੁੱਖ ਰਾਗਾਂ ਦੇ ਰੂਪ ਵਿਚ ਅੰਕਿਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਧਾਰਨ ਪਾਠ ਵਿਚ 31 ਮਿਸ਼ਰਤ ਰਾਗਾਂ ਤੋਂ ਇਲਾਵਾ ਕੁਝ ਹੋਰ ਰਾਗ ਪ੍ਰਾਪਤ ਹੁੰਦੇ ਹਨ ਜੋ ਮਿਸ਼ਰਤ ਰਾਗਾਂ ਦੇ ਅੰਤਰਗਤ ਦਰਜ ਹਨ। ਇਨ੍ਹਾਂ ਦੀ ਕੁੱਲ ਗਿਣਤੀ 31 ਹੀ ਹੈ। ਇਹ ਰਾਗ, ਰਾਗ ਪ੍ਰਕਾਰ ਵਜੋਂ ਵੀ ਜਾਣੇ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮੁੱਖ ਰਾਗ ਅਤੇ ਰਾਗ ਪ੍ਰਕਾਰ ਹੇਠ ਲਿਖੇ ਅਨੁਸਾਰ ਅੰਕਿਤ ਹਨ :

| ਕ੍ਰਮ ਨੰ. | ਰਾਗ ਦਾ ਨਾਮ | ਰਾਗ ਪ੍ਰਕਾਰ | ਪੰਨਾ (ਸ੍ਰੀ ਗੁ.ਗ੍ਰੰ.ਸਾਹਿਬ) |
|---|---|---|---|
| 1. | ਸਿਰੀ | — | 14 |
| 2. | ਮਾਝ | — | 94 |
| 3. | ਗਉੜੀ | — | 151 |
| | | ੳ. ਗਉੜੀ ਗੁਆਰੇਰੀ | 151 |
| | | ਅ. ਗਉੜੀ ਦਖਣੀ | 152 |
| | | ੲ. ਗਉੜੀ ਚੇਤੀ | 154 |
| | | ਸ. ਗਉੜੀ ਬੈਰਾਗਣਿ | 156 |
| | | ਹ. ਗਉੜੀ ਦੀਪਕੀ | 12 |
| | | ਕ. ਗਉੜੀ ਪੂਰਬੀ ਦੀਪਕੀ | 157 |
| | | ਖ. ਗਉੜੀ ਪੂਰਬੀ | 168 |
| | | ਗ. ਗਉੜੀ ਮਾਝ | 172 |
| | | ਘ. ਗਉੜੀ ਮਾਲਵਾ | 214 |
| | | ਙ. ਗਉੜੀ ਮਾਲਾ | 214 |

| ਕ੍ਰਮ ਨੰ. | ਰਾਗ ਦਾ ਨਾਮ | ਰਾਗ ਪ੍ਰਕਾਰ | ਪੰਨਾ (ਸ੍ਰੀ ਗੁ.ਗ੍ਰੰ.ਸਾਹਿਬ) |
|---|---|---|---|
| | | ਚ. ਗਉੜੀ ਸੋਰਠਿ | 330 |
| 4. | ਆਸਾ | ੳ. ਆਸਾ ਕਾਫ਼ੀ | 365 |
| | | ਅ. ਆਸਾਵਰੀ | 369 |
| | | ੲ. ਆਸਾਵਰੀ ਸੁਧੰਗ | 369 |
| 5. | ਗੂਜਰੀ | — | 489 |
| 6. | ਦੇਵ ਗੰਧਾਰੀ | — | 527 |
| | | ੳ. ਦੇਵ ਗੰਧਾਰ | 531 |
| 7. | ਬਿਹਾਗੜਾ | — | 537 |
| 8. | ਵਡਹੰਸ | ੳ. ਵਡਹੰਸ ਦਖਣੀ | 580 |
| 9. | ਸੋਰਠਿ | — | 594 |
| 10. | ਧਨਾਸਰੀ | — | 660 |
| 11. | ਜੈਤਸਰੀ | — | 696 |
| 12. | ਟੋਡੀ | — | 711 |
| 13. | ਬੈਰਾੜੀ | — | 719 |
| 14. | ਤਿਲੰਗ | — | 721 |
| | | ੳ. ਤਿਲੰਗ ਕਾਫ਼ੀ | 726 |
| 15. | ਸੂਹੀ | — | 728 |
| | | ੳ. ਸੂਹੀ ਕਾਫ਼ੀ | 751 |
| | | ਅ. ਸੂਹੀ ਲਲਿਤ | 794 |
| 16. | ਬਿਲਾਵਲ | — | 795 |
| | | ੳ. ਬਿਲਾਵਲ ਦਖਣੀ | 843 |
| | | ਅ. ਬਿਲਾਵਲ ਮੰਗਲ | 844 |
| 17. | ਗੌਂਡ | — | 859 |
| | | ੳ. ਬਿਲਾਵਲ ਗੌਂਡ | 874 |
| 18. | ਰਾਮਕਲੀ | — | 876 |
| | | ੳ. ਰਾਮਕਲੀ ਦਖਣੀ | 907 |
| 19. | ਨਟ ਨਰਾਇਣ | — | 980 |
| | | ੳ. ਨਟ | 975 |
| 20. | ਮਾਲੀ ਗਉੜਾ | — | 984 |

| ਕ੍ਰਮ ਨੰ. | ਰਾਗ ਦਾ ਨਾਮ | ਰਾਗ ਪ੍ਰਕਾਰ | ਪੰਨਾ (ਸ੍ਰੀ ਗੁ.ਗ੍ਰੰ.ਸਾਹਿਬ) |
|---|---|---|---|
| 21. | ਮਾਰੂ | — | 989 |
| | | ੳ. ਮਾਰੂ ਕਾਫ਼ੀ | 1014 |
| | | ਅ. ਮਾਰੂ ਦਖਣੀ | 1033 |
| 22. | ਤੁਖਾਰੀ | — | 1107 |
| 23. | ਕੇਦਾਰਾ | — | 1118 |
| 24. | ਭੈਰਉ | — | 1125 |
| 25. | ਬਸੰਤ | — | 1168 |
| | | ੳ. ਬਸੰਤ ਹਿੰਡੋਲ | 1171 |
| 26. | ਸਾਰੰਗ | — | 1197 |
| 27. | ਮਲ੍ਹਾਰ | — | 1254 |
| 28. | ਕਾਨੜ੍ਹਾ | — | 1294 |
| 29. | ਕਲਿਆਨ | — | 1319 |
| | | ੳ. ਕਲਿਆਨ ਭੋਪਾਲੀ | 1321 |
| 30. | ਪ੍ਰਭਾਤੀ | — | 1327 |
| | | ੳ. ਪ੍ਰਭਾਤੀ ਬਿਭਾਸ | 1327 |
| | | ਅ. ਪ੍ਰਭਾਤੀ ਦਖਣੀ | 1343 |
| | | ੲ. ਬਿਭਾਸ ਪ੍ਰਭਾਤੀ | 1347 |
| 31. | ਜੈਜਾਵੰਤੀ | — | 1352 |

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮੁੱਖ ਰਾਗਾਂ ਅਤੇ ਉਪ-ਰਾਗਾਂ ਦੇ ਅੰਤਰਗਤ ਜਿਥੇ ਵਿਭਿੰਨ ਪਰੰਪਰਾਵਾਂ ਨਾਲ ਸੰਬੰਧਿਤ ਰਾਗ ਮਿਲਦੇ ਹਨ ਉਥੇ ਸ਼ੁੱਧ ਰਾਗ, ਛਾਇਆਲਾਗ ਅਤੇ ਸੰਕੀਰਣ ਆਦਿ ਰਾਗਾਂ ਦੇ ਰੂਪ ਵਿਚ ਵੀ ਉਪਲਬਧ ਹਨ ਜਿਨ੍ਹਾਂ ਦਾ ਉਲੇਖ ਅਸੀਂ ਇਸ ਪ੍ਰਾਕਰ ਕਰ ਸਕਦੇ ਹਾਂ :

1. **ਸ਼ੁੱਧ ਰਾਗ** : ਜੋ ਰਾਗ ਸੁਤੰਤਰ ਤੌਰ ਤੇ ਭਿੰਨ-ਹੁੰਦੇ ਹਨ, ਜਿਨ੍ਹਾਂ ਵਿਚ ਕਿਸੇ ਹੋਰ ਰਾਗ ਦੀ ਛਾਇਆ ਦ੍ਰਿਸ਼ਟੀਗੋਚਰ ਨਹੀਂ ਹੁੰਦੀ, ਸ਼ੁੱਧ ਰਾਗ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਤਕਰੇ ਅਧੀਨ ਦਰਜ ਇਕੱਤੀ ਮੁੱਖ, ਰਾਗ ਸ਼ੁੱਧ ਰਾਗਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ, ਜਿਵੇਂ : ਸਿਰੀ, ਮਾਝ, ਗਉੜੀ, ਗੂਜਰੀ, ਆਸਾ ਆਦਿ।

2. **ਛਾਇਆਲਾਗ ਰਾਗ** : ਜਿਨ੍ਹਾਂ ਰਾਗਾਂ ਦੀ ਉਤਪਤੀ ਦੋ ਰਾਗਾਂ ਦੇ ਮੇਲ ਤੋਂ ਹੁੰਦੀ ਹੈ, ਉਹ ਰਾਗ ਛਾਇਆਲਾਗ ਰਾਗ ਅਖਵਾਉਂਦੇ ਹਨ। ਦੂਸਰੇ ਸ਼ਬਦਾਂ ਵਿਚ, ਜਿਨ੍ਹਾਂ ਰਾਗਾਂ ਵਿਚ ਕਿਸੇ ਹੋਰ ਰਾਗ ਦੀ ਛਾਇਆ ਪੈਂਦੀ ਹੋਵੇ, ਛਾਇਆਲਾਗ ਰਾਗ ਅਖਵਾਉਂਦੇ ਹਨ, ਜਿਵੇਂ ਗਉੜੀ ਚੇਤੀ, ਗਉੜੀ ਦੀਪਕੀ ਆਦਿ ਛਾਇਆਲਾਗ ਰਾਗ ਹਨ।

3. **ਸੰਕੀਰਣ ਰਾਗ** : ਜਿਨ੍ਹਾਂ ਰਾਗਾਂ ਦੀ ਉਤਪਤੀ ਦੋ ਤੋਂ ਵੱਧ ਰਾਗਾਂ ਦੇ ਮੇਲ ਤੋਂ ਹੁੰਦੀ ਹੈ,

ਸੰਕੀਰਣ ਰਾਗ ਅਖਵਾਉਂਦੇ ਹਨ। ਗੁਰਬਾਣੀ ਵਿਚ ਰਾਗ ਗਉੜੀ, ਪੂਰਬੀ, ਦੀਪਕੀ, ਸੰਕੀਰਣ ਰਾਗ ਹੈ।

4. **ਦਖਣੀ ਰਾਗ** : ਸ਼ੁੱਧ, ਛਾਇਆਲਾਗ ਅਤੇ ਸੰਕੀਰਣ ਰਾਗਾਂ ਤੋਂ ਇਲਾਵਾ ਗੁਰਬਾਣੀ ਵਿਚ ਕੁਝ ਰਾਗ ਅਜਿਹੇ ਵੀ ਮਿਲਦੇ ਹਨ ਜਿਨ੍ਹਾਂ ਨਾਲ ਦਖਣੀ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ। ਇਹ ਰਾਗ ਉਪ-ਰਾਗਾਂ ਅਧੀਨ ਅੰਕਿਤ ਮਿਲਦੇ ਹਨ, ਜਿਵੇਂ ਗਉੜੀ ਦਖਣੀ, ਵਡਹੰਸ ਦਖਣੀ, ਬਿਲਾਵਲ ਦਖਣੀ, ਮਾਰੂ ਦਖਣੀ, ਰਾਮਕਲੀ ਦਖਣੀ, ਪ੍ਰਭਾਤੀ ਦਖਣੀ ਆਦਿ।

ਮੱਧ ਕਾਲ ਵਿਚ ਭਾਰਤ ਸੰਗੀਤ ਵਿਦੇਸ਼ੀ ਹਮਲਿਆਂ ਦੇ ਕਾਰਨ ਦੋ ਪੱਧਤੀਆਂ ਹਿੰਦੁਸਤਾਨੀ ਜਾਂ ਉੱਤਰੀ ਭਾਰਤੀ ਸੰਗੀਤ ਅਤੇ ਕਰਨਾਟਕੀ ਜਾਂ ਦਖਣੀ ਭਾਰਤੀ ਸੰਗੀਤ ਪੱਧਤੀਆਂ ਅਧੀਨ ਵਿਭਾਜਿਤ ਹੋ ਚੁੱਕਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਧੁਰ ਕੀ ਬਾਣੀ' ਨੂੰ ਲੋਕਾਈ ਤਕ ਪਹੁੰਚਾਉਣ ਦੇ ਲਈ ਸਾਰੇ ਵਿਭਿੰਨ ਸਥਾਨਾਂ ਦਾ ਰਟਨ ਕੀਤਾ, ਅਤੇ ਚਾਰ ਉਦਾਸੀਆਂ ਕੀਤੀਆਂ। ਇਹਨਾਂ ਉਦਾਸੀਆਂ ਦੇ ਅੰਤਰਗਤ ਆਪ ਦਖਣੀ ਭਾਰਤ ਵੀ ਗਏ ਅਤੇ ਉਥੋਂ ਦੇ ਸੱਭਿਆਚਾਰ, ਆਚਾਰ-ਵਿਹਾਰ, ਭਾਸ਼ਾ ਅਤੇ ਸੰਗੀਤ ਦਾ ਅਧਿਐਨ ਕੀਤਾ। ਗੁਰੂ ਨਾਨਕ ਦੇਵ ਜੀ ਨੇ ਦਖਣੀ ਭਾਰਤ ਦੇ ਰਾਗਾਂ ਨੂੰ ਆਪਣੀ ਬਾਣੀ ਦੇ ਗਾਇਨ ਲਈ ਪ੍ਰਯੋਗ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ 'ਦਖਣੀ' ਸ਼ਬਦ ਦਖਣੀ ਸੰਗੀਤ ਪੱਧਤੀ ਦਾ ਰਾਗ ਸੂਚਕ ਹੈ। ਪਰ ਰਾਗਾਂ ਦਾ ਦਖਣੀ ਪੱਧਤੀ ਦਾ ਰਾਗ ਸੂਚਕ ਹੈ, ਪਰ ਇਨ੍ਹਾਂ ਰਾਗਾਂ ਦਾ ਦਖਣੀ ਪੱਧਤੀ ਦਾ ਰਾਗ ਹੋਣ ਸੰਬੰਧੀ ਵਿਦਵਾਨਾਂ ਵਿਚ ਮੱਤਭੇਦ ਪਾਏ ਜਾਂਦੇ ਹਨ। ਫਰੀਦਕੋਟੀ ਟੀਕੇ ਵਿਚ ਦਖਣੀ ਰਾਗ ਨਾ ਮੰਨਦੇ ਹੋਏ ਛੰਦ ਦੀ ਚਾਲ ਦਾ ਨਾਂ ਮੰਨਿਆ ਹੈ। ਡਾ. ਦੇਵਿੰਦਰ ਸਿੰਘ ਵਿਦਿਆਰਥੀ ਅਨੁਸਾਰ, "ਜੇਕਰ ਦਖਣੀ ਸ਼ਬਦ ਮਹਲਾ ੧ ਤੋਂ ਪਹਿਲਾਂ ਆਇਆ ਹੁੰਦਾ, ਪ੍ਰੰਤੂ ਇਹ ਆਇਆ ਮਹਲਾ ੧ ਦੇ ਸੰਕੇਤ ਮਗਰੋਂ, ਇਸ ਲਈ ਇਸ ਨੂੰ ਰਾਗ ਦਾ ਸੂਚਕ ਸਮਝਣਾ ਠੀਕ ਨਹੀਂ।" ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸਿਰਲੇਖ 'ਰਾਮਕਲੀ ਦਖਣੀ ੧' (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 907), ਇਸ ਗੱਲ ਦਾ ਸੰਕੇਤ ਹੈ ਕਿ ਇਹ ਦਖਣੀ ਪੱਧਤੀ ਦਾ ਰਾਗ ਹੈ।

ਕਿਰਿਆਤਮਿਕ ਤੌਰ ਤੇ ਇਨ੍ਹਾਂ ਰਾਗਾਂ ਦੇ ਸਰੂਪ ਕੇਵਲ ਦਖਣੀ ਸੰਗੀਤ ਪੱਧਤੀ ਵਿਚ ਪਾਏ ਜਾਂਦੇ ਹਨ, ਉੱਤਰੀ ਭਾਰਤੀ ਸੰਗੀਤ ਵਿਚ ਨਹੀਂ। ਇਸ ਲਈ ਇਨ੍ਹਾਂ ਰਾਗਾਂ ਨੂੰ ਦਖਣੀ ਪੱਧਤੀ ਦੇ ਰਾਗ ਮੰਨਣਾ ਹੀ ਵਧੇਰੇ ਉਚਿਤ ਹੈ। ਦਖਣੀ ਪੱਧਤੀ ਦੇ ਰਾਗਾਂ ਦਾ ਪ੍ਰਯੋਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰਲੇਖ ਰੂਪ ਵਜੋਂ ਅੰਕਿਤ ਰਾਗ ਕਿਉਂ ਜੋ ਬਾਣੀ ਨੂੰ ਰਾਗਾਂ ਅਧੀਨ ਗਾਉਣ ਦੇ ਨਿਰਦੇਸ਼ ਅਧੀਨ ਹੈ, ਇਸ ਲਈ ਗੁਰਮਤਿ ਸੰਗੀਤ ਪਰੰਪਰਾ ਵਿਚ ਉੱਤਰ ਅਤੇ ਦਖਣੀ ਪੱਧਤੀ ਦੋਹਾਂ ਦੇ ਰਾਗਾਂ ਨੂੰ ਸਮਾਨ ਸਤਿਕਾਰ ਨਾਲ ਗਾਉਣ ਦਾ ਆਦੇਸ਼ ਹੈ। ਤੇਹਰਵੀਂ ਸਦੀ ਵਿਚ ਪੰਡਿਤ ਸਾਰੰਗਦੇਵ ਨੇ ਇਨ੍ਹਾਂ ਦੋਵਾਂ ਪੱਧਤੀਆਂ ਨੂੰ ਮੇਲਣ ਦਾ ਯਤਨ ਕੀਤਾ, ਪਰ ਵਿਵਹਾਰਕ ਤੌਰ ਤੇ ਸੰਭਵ ਨਾ ਹੋ ਸਕਿਆ। ਗੁਰੂ ਸਾਹਿਬਾਨ ਦਾ ਦਖਣੀ ਪੱਧਤੀ ਦੇ ਰਾਗਾਂ ਨੂੰ ਆਪਣੀ ਬਾਣੀ ਦੇ ਗਾਇਨ ਹਿਤ ਪ੍ਰਯੋਗ ਕਰਨ ਕਰਕੇ ਦੋਵਾਂ ਸੰਗੀਤ ਪੱਧਤੀਆਂ ਵਿਚਲੀ ਦੂਰੀ ਨੂੰ ਖ਼ਤਮ ਕਰਨ ਵਿਚ ਗੁਰਮਤਿ ਸੰਗੀਤ ਪਰੰਪਰਾ ਦਾ ਮਹਾਨ ਯੋਗਦਾਨ ਹੈ।

5. **ਸਨਾਤਨੀ ਰਾਗ** : ਗੁਰੂ ਸਾਹਿਬਾਨ ਨੇ ਬਾਣੀ ਦੀ ਸਫ਼ਲ ਪ੍ਰਸਤੁਤੀ ਹਿਤ ਬਾਣੀ ਅਤੇ ਰਾਗ ਨੂੰ ਇਨ੍ਹਾਂ ਦੀ ਪ੍ਰਕਿਰਤੀ ਦੀ ਅੰਤਰੀਵੀ ਸਾਂਝ, ਰਸਾਤਮਿਕ ਅਤੇ ਭਾਵਾਤਮਿਕ ਪੱਧਰ ਉੱਤੇ ਜੋੜਨ ਦੀ ਸਫ਼ਲ ਕੋਸ਼ਿਸ਼ ਕੀਤੀ ਹੈ। ਆਪ ਨੇ ਬਾਣੀ ਦੇ ਗਾਇਨ ਲਈ ਪ੍ਰਯੋਗ ਕੀਤੇ ਗਏ ਸਨਾਤਨੀ ਕਾਵਿ ਰੂਪਾਂ ਲਈ ਸ਼ੁੱਧ

ਰੂਪ ਵਿਚ ਮਾਰਗੀ ਜਾਂ ਸਥਾਪਿਤ ਰਾਗਾਂ ਦਾ ਪ੍ਰਯੋਗ ਕੀਤਾ ਹੈ। ਉਦਾਹਰਣ ਦੇ ਤੌਰ ਤੇ ਪ੍ਰਸਿੱਧ ਗਾਇਨ ਸ਼ੈਲੀ ਦੇ ਕਾਵਿ-ਰੂਪ ਅਸ਼ਟਪਦੀ ਦਾ ਪ੍ਰਯੋਗ ਸਿਰੀ, ਮਾਝ, ਗਉੜੀ, ਗੁਜਰੀ, ਰਾਮਕਲੀ, ਪ੍ਰਭਾਤੀ ਆਦਿ ਰਾਗਾਂ ਅਧੀਨ ਕੀਤਾ ਗਿਆ ਹੈ।

6. **ਦੇਸੀ ਰਾਗ** : ਗੁਰੂ ਸਾਹਿਬਾਨ ਨੇ ਬਾਣੀ ਦੇ ਸੰਚਾਰ ਦੀਆਂ ਸੰਭਾਵਨਾਵਾਂ ਨੂੰ ਵਧਾਉਣ ਦੇ ਲਈ ਵਿਭਿੰਨ ਇਲਾਕਿਆਂ ਦੀ ਲੋਕ ਪਰੰਪਰਾ ਵਿਚੋਂ ਵਿਕਸਿਤ ਰਾਗਾਂ ਨੂੰ ਬਾਣੀ ਦੇ ਗਾਇਨ ਲਈ ਪ੍ਰਯੋਗ ਕੀਤਾ ਹੈ। ਉਦਾਹਰਣ ਦੇ ਤੌਰ ਤੇ ਮਾਝ, ਆਸਾ ਕਾਫੀ, ਬਿਹਾਗੜਾ, ਤਿਲੰਗ ਆਦਿ ਦੇਸੀ ਰਾਗ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

7. **ਮੌਸਮੀ ਰਾਗ** : ਗੁਰਮਤਿ ਸੰਗੀਤ ਦੇ ਅੰਤਰਗਤ ਉਪਰੋਕਤ ਰਾਗਾਂ ਵਿਚ ਕੁਝ ਰਾਗ ਇਸ ਤਰ੍ਹਾਂ ਦੇ ਮਿਲਦੇ ਹਨ, ਜੋ ਮੌਸਮ ਨਾਲ ਸੰਬੰਧਿਤ ਹਨ। ਇਨ੍ਹਾਂ ਰਾਗਾਂ ਦਾ ਗਾਇਨ ਵੀ ਸੰਬੰਧਿਤ ਮੌਸਮ ਵਿਚ ਹਰ ਸਮੇਂ ਕਰਨ ਦੀ ਪ੍ਰਥਾ ਹੈ। ਬਾਣੀ ਦਾ ਸਾਧਾਰਨ ਪਾਠ ਕਰਨ ਤੇ ਹੀ ਰਾਗ ਨਾਲ ਸੰਬੰਧਿਤ ਮੌਸਮ ਦਾ ਆਭਾਸ ਹੋ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮੌਸਮੀ ਰਾਗ, ਰਾਗ ਬਸੰਤ ਅਤੇ ਰਾਗ ਮਲ੍ਹਾਰ ਵਿਚ ਮੌਸਮਾਂ ਦਾ ਵਰਨਣ ਇਸ ਪ੍ਰਕਾਰ ਹੈ :

**ਰਾਗ ਬਸੰਤ**

- ਪਹਿਲ ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ ॥
  ਨਾਨਕ ਸੋ ਸਾਲਾਹੀਐ ਜਿ ਸਭਸੈ ਕਾ ਆਧਾਰੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 791)
- ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1168)
- ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ ॥
  ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1168)
- ਰੁਤਿ ਆਈਲੇ ਸਰਸ ਬਸੰਤ ਮਾਹਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1168)
- ਬਸੰਤ ਚੜਿਆ ਫੂਲੀ ਬਨਰਾਇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1168)

**ਰਾਗ ਮਲਾਰ**

- ਕਰਉ ਬਿਨਉ ਗੁਰ ਅਪਨੇ ਪ੍ਰੀਤਮ ਹਰਿ ਵਰੁ ਆਣਿ ਮਿਲਾਵੈ ॥
  ਸੁਣ ਘਨਘੋਰ ਸੀਤਲ ਮਨੁ ਮੋਰਾ ਲਾਲ ਰਤੀ ਗੁਣ ਗਾਵੈ ॥
  (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1254)
- ਚਾਤ੍ਰਿਕ ਜਲ ਬਿਨ ਪ੍ਰਿਉ ਪ੍ਰਿਉ ਟੇਰੈ ਬਿਲਪ ਕਰੇ ਬਿਲਲਾਈ ॥
  ਘਨਹਰ ਘੋਰ ਦਸੋ ਦਿਸਿ ਬਰਸੈ ਬਿਨੁ ਜਲ ਪਿਆਸ ਨਾ ਜਾਈ ॥
  (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1273)
- ਨਾਨਕ ਸਾਵਣਿ ਜੇ ਵਸੈ ਚਹੁ ਉਮਾਹਾ ਹੋਇ ॥
  ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ ॥
  (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1279)
- ਉਨਵਿ ਉਨਵਿ ਆਇਆ ਵਰਸੈ ਲਾਇ ਝੜੀ ॥
  (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1280)

ਨਾਨਕ ਭਾਣੈ ਚਲੈ ਕੰਤ ਕੈ ਸੁ ਮਾਣੇ ਸਦਾ ਰਲੀ ॥

- ਗੁਰਮੁਖਿ ਮਲ੍ਹਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1285)

- ਮਲ੍ਹਾਰ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1283)

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਨਾਲ ਸੰਬੰਧਿਤ ਉੱਪਰ ਲਿਖਿਤ ਗੁਰ ਫੁਰਮਾਨਾਂ ਅਤੇ ਚਰਚਾ ਤੋਂ ਇਸ ਸੰਗੀਤ ਪਰੰਪਰਾ ਦੇ ਵਿਸ਼ਾਲ ਖ਼ਜ਼ਾਨੇ ਦਾ ਸਹਿਜੇ ਹੀ ਆਭਾਸ ਹੋ ਜਾਂਦਾ ਹੈ। ਗੁਰੂ ਸਾਹਿਬਾਨ ਨੇ 'ਧੁਰ ਕੀ ਬਾਣੀ' ਨੂੰ ਸੰਗਤਾਂ ਤਕ ਪ੍ਰਚਾਰਨ ਲਈ ਰਾਗ ਨੂੰ ਮੁੱਖ ਰੂਪ ਵਿਚ ਵਰਤਿਆ ਹੈ। ਗੁਰੂ ਸਾਹਿਬਾਨ ਨੇ ਰਾਗ ਰਾਗਨੀ ਵਰਗੀਕਰਨ ਦੇ ਝਮੇਲਿਆਂ ਅਤੇ ਬਖੇੜਿਆਂ ਨੂੰ ਤਿਆਗਦਿਆਂ ਬਾਣੀ ਦੇ ਰਾਗ ਪ੍ਰਬੰਧ ਦੀ ਸਿਰਜਨਾ ਸਾਧਾਰਨ ਅਤੇ ਸੁਖੇਲ ਵਿਧੀ ਰਾਹੀਂ ਕੀਤੀ ਹੈ, ਜਿਸ ਵਿਚ ਸ਼ੁੱਧ, ਸੰਕੀਰਣ, ਛਾਇਆਲਾਗ ਵਿਧੀ ਦੀ ਵਰਤੋਂ ਕੀਤੀ ਗਈ ਹੈ। ਇਸ ਵਿਧੀ ਦੇ ਅੰਤਰਗਤ ਮੁੱਖ 31 ਰਾਗ ਸ਼ੁੱਧ ਰਾਗਾਂ ਦੀ ਸ਼੍ਰੇਣੀ ਵਿਚ, ਅਤੇ ਇਨ੍ਹਾਂ 31 ਰਾਗਾਂ ਦੇ ਅੰਤਰਗਤ ਛਾਇਆਲਾਗ, ਸੰਕੀਰਣ ਰਾਗ 31 ਰਾਗ ਪ੍ਰਕਾਰਾਂ ਦੇ ਰੂਪ ਵਿਚ ਦਰਜ ਕੀਤੇ ਹਨ। ਇਨ੍ਹਾਂ ਵਿਚ ਵਿਭਿੰਨ ਮੌਸਮਾਂ ਅਤੇ ਵਿਭਿੰਨ ਇਲਾਕਿਆਂ ਨਾਲ ਸੰਬੰਧਿਤ ਰਾਗਾਂ ਦਾ ਪ੍ਰਯੋਗ ਕੀਤਾ ਹੈ, ਜਿਸ ਦਾ ਮਨੋਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰਬਾਣੀ ਨੂੰ ਆਮ ਸਰੋਤਾਂ ਤਕ ਸੰਚਾਰਿਤ ਕਰਨਾ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਦੇ ਅੰਤਰਗਤ ਆਏ ਮੁੱਖ ਰਾਗ ਅਤੇ ਰਾਗ ਪ੍ਰਕਾਰਾਂ ਨੂੰ ਜੇਕਰ ਸਵਰੂਪ ਦੀ ਦ੍ਰਿਸ਼ਟੀ ਤੋਂ ਵਾਚੀਏ ਤਾਂ ਵਰਤਮਾਨ ਸਮੇਂ ਇਨ੍ਹਾਂ ਰਾਗਾਂ ਦੇ ਇਕ ਤੋਂ ਵਧੇਰੇ ਸਰੂਪ ਮਿਲਦੇ ਹਨ, ਅਜਿਹਾ ਭਾਰਤੀ ਸੰਗੀਤ ਵਿਚ ਥਾਟ ਪਰਿਵਰਤਨ ਹੋਣ ਦੇ ਕਾਰਨ ਹੋਇਆ ਹੈ। ਪਰੰਤੂ ਕਿਉਂ ਜੋ ਗੁਰਮਤਿ ਸੰਗੀਤ ਭਾਰਤੀ ਸੰਗੀਤ ਦੇ ਸ਼ਾਸਤਰੀ ਨਿਯਮਾਂ ਤੋਂ ਨਿਰਲੇਪ ਹੋ ਕੇ ਸੁਤੰਤਰ ਧਾਰਾ ਦੇ ਰੂਪ ਵਿਚ ਪ੍ਰਵਾਹਿਤ ਹੋ ਰਿਹਾ ਹੈ, ਇਸ ਲਈ ਗੁਰਮਤਿ ਸੰਗੀਤ ਪਰੰਪਰਾ ਵਿਚ ਸੀਨਾ-ਬਸੀਨਾ ਚਲੇ ਆ ਰਹੇ ਗਾਇਨ ਰੂਪ ਅਤੇ ਗਾਇਨ ਰੀਤ ਹੀ ਹਨ, ਜਿਨ੍ਹਾਂ ਦੇ ਆਧਾਰ ਤੇ ਰਾਗਾਂ ਦਾ ਸਵਰੂਪ ਨਿਸ਼ਚਿਤ ਕੀਤਾ ਜਾ ਸਕਦਾ ਹੈ। ਗੁਰਮਤਿ ਸੰਗੀਤ ਵਿਚ ਪ੍ਰਚਲਿਤ ਰਾਗਾਂ ਦਾ ਮੁੱਖ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗਾਇਨ ਪਰੰਪਰਾ ਹੀ ਹੈ ਕਿਉਂਕਿ ਸ਼ਾਸਤਰ ਵੀ ਕਿਰਿਆਤਮਿਕ ਤੱਤਾਂ ਤੇ ਹੀ ਆਧਾਰਿਤ ਹੁੰਦਾ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਮਤਿ ਸੰਗੀਤ ਪਰੰਪਰਾ ਦਾ ਸੁਤੰਤਰ ਪਰੰਪਰਾ ਦੇ ਰੂਪ ਵਿਚ ਨਿਖੇੜਾ ਕਰਨ ਲਈ ਰਾਗ ਪ੍ਰਬੰਧ ਮੂਲ ਅਤੇ ਵਿਸ਼ੇਸ਼ ਆਧਾਰ ਹੈ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਬੰਧ ਅਧੀਨ ਪ੍ਰਯੋਗ ਵਿਚ ਅਗਲੀ ਇਕਾਈ ਮਹਲਾ ਹੈ ਜਿਸ ਦਾ ਗੁਰੂ ਸਾਹਿਬ ਨੇ ਬਾਣੀ ਵਿਚ ਪ੍ਰਯੋਗ ਕੀਤਾ ਹੈ।

**ਮਹਲਾ** : ਸਿੱਖ ਗੁਰੂ ਸਾਹਿਬਾਨ ਅਤੇ ਹੋਰ ਭਗਤ ਜਨਾਂ ਦੀ ਬਾਣੀ ਦਾ ਸੰਗ੍ਰਹਿ ਗੁਰੂ ਗ੍ਰੰਥ ਸਾਹਿਬ ਇਕ ਵਿਲੱਖਣ ਰਚਨਾ ਦੇ ਰੂਪ ਵਿਚ ਸਾਨੂੰ ਪ੍ਰਾਪਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦਾ ਅਧਿਐਨ ਕਰੀਏ ਤਾਂ ਉਸ ਵਿਚ ਰਾਗ, ਮਹਲਾ, ਘਰ, ਅੰਕ ਆਦਿ ਦਾ ਪ੍ਰਯੋਗ ਨਜ਼ਰ ਆਉਂਦਾ ਹੈ। ਸੋ ਸਾਨੂੰ ਇਹਨਾਂ ਦਾ ਇੱਥੇ ਅਧਿਐਨ ਕਰਨਾ ਅਤਿ ਜ਼ਰੂਰੀ ਹੈ। ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ 'ਮਹਲਾ' ਸ਼ਬਦ ਦਾ ਪ੍ਰਯੋਗ ਗੁਰਬਾਣੀ ਰਚਾਇਤਾ ਲਈ ਕੀਤਾ। ਮਹਲਾ ਸ਼ਬਦ ਆਮ ਤੌਰ ਤੇ ਪਤਨੀ ਜਾਂ ਇਸਤਰੀ

ਲਈ ਵਰਤਿਆ ਗਿਆ ਹੈ। ਜਿਸ ਤਰ੍ਹਾਂ ਗੁਰੂ ਸਾਹਿਬਾਨ ਦੀ ਪਤਨੀ ਲਈ 'ਮਹਿਲਾ' ਹਿੰਦੀ ਵਿਚ ਆਮ ਤੌਰ ਤੇ ਕਿਹਾ ਜਾਂਦਾ ਹੈ। ਭਾਈ ਸਾਹਿਬ ਸਿੰਘ ਜੀ ਨੇ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਹਲਾ ਦੇ ਅਰਥ ਇਸਤਰੀ, ਘਰ, ਟਿਕਾਣਾ, ਵੱਡੀਆਂ-ਵੱਡੀਆਂ ਇਮਾਰਤਾਂ, ਸਰੀਰ ਆਦਿ ਦਿੱਤੇ ਹਨ (ਸਬਦਾਰਥ ਪੋਥੀ ਪਹਿਲੀ, ਪੰਨਾ 25)। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਮਹਲਾ ਸ਼ਬਦ ਮਹਿਲ ਵਿਚ ਰਹਿਣ ਵਾਲੀ ਇਸਤਰੀ ਅਤੇ ਗੁਰਬਾਣੀ ਵਿਚ ਸਤਿਗੁਰਾਂ ਨੇ ਆਪਣੇ ਲਈ ਮਹਲਾ ਸ਼ਬਦ ਵਰਤਿਆ (ਮਹਾਨ ਕੋਸ਼, ਪੰਨਾ 983)। ਭਾਈ ਵੀਰ ਸਿੰਘ ਅਨੁਸਾਰ ਮਹਲਾ ਸ਼ਬਦ ਦਾ ਅਰਥ ਇਕ ਜੋਤ ਦਾ ਦੂਜੀ ਜੋਤ ਵਿਚ ਮਿਲਣਾ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 180)।

ਗੁਰਬਾਣੀ ਵਿਚ ਮਹਲਾ ਦਾ ਭਾਵ ਗੁਰੂ ਕਵੀ ਦੇ ਨਾਮ ਤੋਂ ਹੈ। ਮਹਲਾ ੧ ਦਾ ਭਾਵ ਪਹਿਲੀ ਜੋਤ ਗੁਰੂ ਨਾਨਕ ਦੇਵ ਜੀ ਅਰਥਾਤ ਜਿਸ ਸ਼ਬਦ ਉੱਪਰ ਜਿਹੜਾ ਮਹਲਾ ਆਇਆ ਉਹ ਸ਼ਬਦ ਉਸੇ ਗੁਰੂ ਸਾਹਿਬ ਦੇ ਹਨ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਬਾਣੀ ਦਾ ਸੰਪਾਦਨ ਕਰਦੇ ਸਮੇਂ ਬਾਣੀ ਦੇ ਸਿਰਲੇਖ ਵਿਚ ਰਾਗ ਨਾਮ ਦੇ ਨਾਲ ਮਹਲਾ ੧, ੨, ੩, ੪ ਜਾਂ ੫ ਅੰਕਿਤ ਕਰ ਦਿੱਤਾ ਗਿਆ। ਉਦਾਹਰਣ ਦੇ ਤੌਰ ਤੇ,

ਸਿਰੀ ਰਾਗ ਮਹਲਾ ੧ ਘਰ ੧
ਮੋਤੀ ਤ ਮੰਦਰ ਉਸਰਹਿ ਰਤਨੀ ਤ ਹੋਹਿ ਜੜਾਉ। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 14)

ਉਪਰੋਕਤ ਰਚਨਾ ਗੁਰੂ ਨਾਨਕ ਦੇਵ ਜੀ ਦੀ ਹੈ ਅਤੇ ਨਿਮਨਲਿਖਤ ਗੁਰੂ ਅਮਰਦਾਸ ਜੀ ਦੀ ਹੈ :

ਸਿਰੀ ਰਾਗ ਮਹਲਾ ੩ ਘਰੁ
ਹਉ ਸਤਿਗੁਰੂ ਸੇਵੀ ਆਪਣੀ
ਇਕ ਮਨਿ ਇਕ ਚਿਤਿ ਲਾਈ। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 14)

ਇਸ ਤਰ੍ਹਾਂ ਗੁਰਬਾਣੀ ਵਿਚ ਮਹਲਾ ਦਾ ਪ੍ਰਯੋਗ ਰਚਨਹਾਰ ਗੁਰੂ ਸਾਹਿਬਾਨ ਲਈ ਕੀਤਾ ਗਿਆ ਹੈ। ਗੁਰਬਾਣੀ ਵਿਚ ਆਪਣੇ ਨਾਮ ਦਾ ਪ੍ਰਯੋਗ ਨਾ ਕਰਕੇ ਕੇਵਲ 'ਨਾਨਕ' ਨਾਮ ਦੀ ਵਰਤੋਂ ਨਾਲ, ਇਕ ਜੋਤਿ ਸਰੂਪ ਨੂੰ ਮੰਨਿਆ ਹੈ। ਸਾਰੇ ਗੁਰੂ ਸਾਹਿਬਾਨ ਨੇ ਇਕ ਜੋਤਿ ਦੀ ਬਾਣੀ ਦਾ ਉਚਾਰਣ ਕੀਤਾ ਹੈ।

**ਘਰ :** ਗੁਰਬਾਣੀ ਵਿਚ 'ਰਾਗ' ਅਤੇ 'ਮਹਲਾ' ਤੋਂ ਬਾਅਦ ਅਗਲਾ ਸੰਕੇਤ 'ਘਰੁ' ਹੈ। ਗੁਰਬਾਣੀ ਵਿਚ ਘਰੁ ੧, ਘਰੁ ੨, ਘਰੁ ੩ ਆਦਿ ਸਿਰਲੇਖ ਵਰਤੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਘਰੁ ਕੁੱਲ ਗਿਣਤੀ ਵਿਚ 17 ਹਨ। ਘਰੁ ਸਬੰਧੀ ਉਪਲਬਧ ਖੋਜ ਦੇ ਅਨੁਸਾਰ, ਵਧੇਰੇ ਵਿਦਵਾਨ ਇਸ ਨੂੰ ਤਾਲ ਹੀ ਮੰਨਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਜੀ ਦੇ ਅਨੁਸਾਰ 'ਘਰੁ' ਦੇ ਦੋ ਅਰਥ ਹਨ, ਇਕ ਤਾਲ, ਦੂਜਾ ਸਵਰ ਅਤੇ ਮੂਰਛਨਾ ਦੇ ਭੇਦ ਇਕ ਹੀ ਰਾਗ ਦੇ ਸਰਗਮ ਪ੍ਰਸਤਾਰ ਅਨੁਸਾਰ ਗਾਉਣ ਦੇ ਪ੍ਰਕਾਰ। ਕਈ ਵਿਦਵਾਨ ਇਸ ਨੂੰ ਅਮੀਰ ਖੁਸਰੋ ਵੱਲੋਂ ਈਜਾਦ ਕੀਤੀਆਂ 17 ਤਾਲਾਂ ਮੰਨਦੇ ਹਨ ਪਰ ਬਹੁਤੇ ਗੁਰਮਤਿ ਸੰਗੀਤ ਦੇ ਵਿਦਵਾਨਾਂ ਨੇ ਘਰੁ ਨੂੰ ਤਾਲ ਹੀ ਮੰਨਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਘਰਾਂ ਦੀ ਗਿਣਤੀ 17 ਹੈ ਅਤੇ ਇਹ ਘਰ ਵਿਭਿੰਨ 17 ਭਾਰਤੀ ਤਾਲਾਂ ਦੇ ਹੀ ਰੂਪ ਹਨ।

**ਰਹਾਉ :** ਗੁਰਮਤਿ ਸੰਗੀਤ ਵਿਧਾਨ ਦੇ ਅੰਤਰਗਤ ਸ਼ਬਦ ਗਾਇਨ ਪ੍ਰਸਤੁਤੀ ਹਿਤ 'ਰਹਾਉ' ਦਾ ਕੇਂਦਰਕਾਰੀ ਅਤੇ ਵਿਸ਼ੇਸ਼ ਮਹੱਤਵ ਹੈ। 'ਰਹਾਉ' ਦੀ ਤੁਕ ਵਿਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ ਜਿਸ ਨੇ ਕੇਂਦਰਕਾਰੀ ਕਾਰਜਸ਼ੀਲ ਸ਼ਕਤੀ ਵਜੋਂ ਕਾਰਜਸ਼ੀਲ ਹੋਣਾ ਹੈ। ਮੱਧਕਾਲ ਵਿਚ ਭਾਰਤੀ ਸੰਗੀਤ

ਵਿਚ ਪ੍ਰਚਲਿਤ ਪ੍ਰਬੰਧ ਅਤੇ ਧਰੁਪਦ ਗਾਇਨ ਸ਼ੈਲੀ ਦਾ ਇਕ ਧਾਤੂ ਧਰੁਵ ਹੈ, ਜਿਸ ਨੂੰ 'ਅਚਲ' ਜਾਂ ਚਿਰਸਥਾਈ ਕਿਹਾ ਗਿਆ ਹੈ। ਬਾਣੀ ਦੇ ਸੰਦਰਭ ਵਿਚ 'ਰਹਾਉ' ਤੋਂ ਭਾਵ ਟੇਕ ਜਾਂ ਸਥਾਈ ਤੋਂ ਹੈ, ਜਿਸ ਨੂੰ ਸ਼ਬਦ ਗਾਇਨ ਪ੍ਰੰਪਰਾ ਅਧੀਨ ਪ੍ਰਯੋਗ ਕੀਤਾ ਗਿਆ ਹੈ। 'ਰਹਾਉ' ਦੇ ਸ਼ਾਬਦਿਕ ਅਰਥ ਰਹਿਣ ਦੀ ਕਿਰਿਆ ਜਾਂ ਇਕ ਥਾਂ ਠਹਿਰ ਜਾਣ ਦਾ ਕੰਮ ਵਿਸ਼ਰਾਮ ਅਥਵਾ ਸਥਿਤ ਹੀ ਹਨ। ਸ਼ਬਦ ਵਿਚ ਰਹਾਉ ਸੰਕੇਤ ਦੇ ਨਾਲ-ਨਾਲ ਅੰਤਰਿਆਂ ਦੀ ਗਿਣਤੀ ਦਰਸਾਉਣ ਲਈ ਅੰਕ ੧, ੨, ੩, ੪ ਦਾ ਅੰਕਣ ਵੀ ਕੀਤਾ ਗਿਆ ਹੈ, ਜਿਸ ਤੋਂ ਭਾਵ ਹੈ ਕਿ ਸ਼ਬਦਾਂ ਵਿਚ ਖਿਆਲ ਉਸਾਰੀ ਇਕ ਸਿਰੇ ਤਕ ਪਹੁੰਚਣ ਉਪਰੰਤ ਧਾਰਨਾ ਬਦਲਣ ਦੀ ਜ਼ਰੂਰਤ ਪੈਂਦੀ ਹੈ। ਮੱਧਕਾਲੀਨ ਸੰਤਾਂ ਭਗਤਾਂ ਦੀ ਬਾਣੀ ਵਿਚ ਵੀ 'ਰਹਾਉ' ਦਾ ਪ੍ਰਯੋਗ ਧਰੁਵ ਜਾਂ ਟੇਕ ਸ਼ਬਦਾਂ ਦੁਆਰਾ ਕੀਤਾ ਮਿਲਦਾ ਹੈ। ਇਹਨਾਂ ਦੀਆਂ ਰਚਨਾਵਾਂ ਵਿਚ ਆਮ ਤੌਰ ਤੇ ਪਹਿਲਾ ਬੰਦ 'ਰਹਾਉ' ਦਾ ਹੁੰਦਾ ਹੈ ਜਦੋਂਕਿ ਬਾਣੀ ਵਿਚ ਜ਼ਿਆਦਾਤਰ ਸ਼ਬਦ ਦੇ ਪਹਿਲੇ ਬੰਦ ਤੋਂ ਬਾਅਦ ਹੀ 'ਰਹਾਉ' ਦੀ ਤੁਕ ਆਉਂਦੀ ਹੈ। ਕਈ ਸ਼ਬਦ ਰਚਨਾਵਾਂ ਵਿਚ ਰਹਾਉ ੧, ਰਹਾਉ ੨, ਰਹਾਉ ੩ ਆਦਿ ਪ੍ਰਾਪਤ ਹੁੰਦੇ ਹਨ। ਗੁਰਮਤਿ ਸੰਗੀਤ ਵਿਧਾਨ ਦੇ ਅੰਤਰਗਤ 'ਰਹਾਉ' ਦੀ ਤੁਕ ਨੂੰ ਸਥਾਈ ਮੰਨ ਕੇ ਬਾਰ-ਬਾਰ ਗਾਇਨ ਕਰਨ ਦੀ ਪਰੰਪਰਾ ਹੈ ਕਿਉਂ ਜੋ ਜਿਥੇ ਰਹਾਉ ਦੀ ਤੁਕ ਸ਼ਬਦ ਵਿਚਲੇ ਕੇਂਦਰੀ ਭਾਵ ਨੂੰ ਦ੍ਰਿੜ ਕਰਾਉਣ ਵਿਚ ਸਹਾਇਤਾ ਕਰਦੀ ਹੈ, ਉਥੇ ਸ਼ਬਦ ਦੀਆਂ ਬਾਕੀ ਤੁਕਾਂ, ਅੰਤਰਿਆਂ ਦੇ ਰੂਪ ਵਿਚ ਉਦਾਹਰਣਾਂ ਸਹਿਤ ਦਲੀਲਾਂ ਪ੍ਰਮਾਣ ਦਿੰਦੀਆਂ ਸਮੱਸਿਆਵਾਂ ਦਾ ਸਮਾਧਾਨ ਕਰਦੀਆਂ ਹਨ। ਸਮੱਸਿਆ ਦਾ ਸਮਾਧਾਨ ਹੋ ਜਾਣ ਉਪਰੰਤ 'ਰਹਾਉ' ਦੀ ਤੁਕ ਵੀ ਬਦਲ ਜਾਂਦੀ ਹੈ। ਜੇਕਰ ਸ਼ਬਦ ਵਿਚ ਇਕ ਤੋਂ ਜ਼ਿਆਦਾ ਰਹਾਉ ਹੋਣ ਤਾਂ ਸ਼ਬਦ ਦੀ ਸਮੱਸਿਆ ਦਾ ਸਮਾਧਾਨ ਹੋ ਜਾਣ ਉਪਰੰਤ ਦੂਜੇ 'ਰਹਾਉ' ਦੀ ਤੁਕ ਸਥਾਈ ਦੀ ਭੂਮਿਕਾ ਨਿਭਾਉਂਦੀ ਹੈ। ਸ਼ਬਦ ਦੇ ਅੰਤਰਗਤ 'ਰਹਾਉ' 'ਸਥਾਈ' ਦੀ ਕਾਰਜ ਪ੍ਰਕਿਰਿਆ ਨਿਮਨਲਿਖਤ ਅਨੁਸਾਰ ਵੇਖੀ ਜਾ ਸਕਦੀ ਹੈ।

| | | |
|---|---|---|
| ਰਹਾਉ॥੧॥ | ਰਹਾਉ॥੧॥ | ਰਹਾਉ॥੧॥ |
| ਰਹਾਉ॥੧॥ | ਰਹਾਉ॥੨॥ | ਰਹਾਉ॥੧॥ |
| ਰਹਾਉ॥੧॥ | ਰਹਾਉ॥੩॥ | ਰਹਾਉ॥੧॥ |
| ਰਹਾਉ॥੧॥ | ਰਹਾਉ॥੪॥ | ਰਹਾਉ॥੧॥ |
| ਰਹਾਉ॥੨॥ | ਰਹਾਉ॥੨॥ | ਰਹਾਉ॥੨॥ |

ਸੋ ਇਸ ਪ੍ਰਕਾਰ 'ਰਹਾਉ' ਦੀ ਤੁਕ ਸ਼ਬਦ ਵਿਚਲੇ ਅੰਤਰਹਿਤ ਭਾਵਾਂ ਨੂੰ ਪ੍ਰਕਾਸ਼ਮਾਨ ਕਰਨ ਵਿਚ ਆਪਣਾ ਭਰਪੂਰ ਯੋਗਦਾਨ ਦਿੰਦੀ ਹੈ।

'ਰਹਾਉ' ਸੰਬੰਧੀ ਉਪਰੋਕਤ ਵਰਨਣ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰਬਾਣੀ ਵਿਚ ਰਹਾਉ ਅਤਿਅੰਤ ਮਹੱਤਵਪੂਰਣ ਕੇਂਦਰੀ ਇਕਾਈ ਹੈ। ਇਸ ਲਈ ਗੁਰਬਾਣੀ ਨੂੰ ਪੂਰਣ-ਰੂਪ ਵਿਚ ਸਮਝਣ ਲਈ ਰਹਾਉ ਦੇ ਕੇਂਦਰੀ ਭਾਵ ਨੂੰ ਸਮਝਣਾ ਅਤਿ ਜ਼ਰੂਰੀ ਹੈ।

**ਅੰਕ** : ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦਾਂ ਨੂੰ ਅੰਕਾਂ ਦੁਆਰਾ ਵਿਭਾਜਤ ਕੀਤਾ ਗਿਆ ਹੈ। ਸ਼ਬਦ ਵਿਚ ਰਹਾਉ ਦੀ ਤੁਕ ਤੋਂ ਬਿਨਾਂ ਬਾਕੀ ਤੁਕਾਂ ਦੀ ਸਮਾਪਤੀ ਤੇ ੧, ੨, ੩, ੪ ਆਦਿ ਅੰਕ ਮਿਲਦੇ ਹਨ ਜੋ ਅੰਤਰਿਆਂ ਦੇ ਸੂਚਕ ਹਨ ਤਾਂ ਕਿ ਗੁਰਮਤਿ ਸੰਗੀਤ ਵਿਧਾਨ ਅਨੁਸਾਰ, ਰਹਾਉ ਦੀ ਤੁਕ ਦਾ

ਬਾਰ-ਬਾਰ ਗਾਇਨ ਹੋ ਸਕੇ। ਇਨ੍ਹਾਂ ਅੰਕਾਂ ਵਿਚ ਇਕ ਤੁਕ ਤੋਂ ਇਲਾਵਾ ਦੋ ਜਾਂ ਤਿੰਨ ਤੁਕਾਂ ਵੀ ਪਾਈਆਂ ਜਾਂਦੀਆਂ ਹਨ। ਇਨ੍ਹਾਂ ਅੰਕਾਂ ਤੋਂ ਸ਼ਬਦ ਦੀ ਸੰਬੰਧਿਤ ਕਾਵਿ-ਸ਼ੈਲੀ ਅਤੇ ਗਾਇਨ-ਸ਼ੈਲੀ ਦਾ ਵੀ ਗਿਆਨ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਚਉਪਦੇ ਵਿਚ ਚਾਰ ਪਦੇ, ਦੁਪਦੇ ਵਿਚ ਦੋਪਦੇ ਅਤੇ ਅਸਟਪਦੀ ਵਿਚ ਅੱਠ ਪਦੇ ਹੁੰਦੇ ਹਨ। ਇਨ੍ਹਾਂ ਪਦਿਆਂ ਦੀ ਗਿਣਤੀ ਬਾਰੇ ਗਿਆਨ ਅੰਕਾਂ ਤੋਂ ਹੁੰਦਾ ਹੈ ਕਿ ਇਸ ਸ਼ਬਦ ਦੇ ਕੁੱਲ ਕਿੰਨੇ ਬੰਦ ਹਨ। ਇਹ ਅੰਦਾਜ਼ਾ ਅੰਤਰੇ ਦੀ ਤੁਕ ਦਾ ਸੰਬੰਧ 'ਰਹਾਉ' ਦੀ ਤੁਕ ਨਾਲ ਹੈ ਜੋ 'ਰਹਾਉ' ਦੀ ਤੁਕ ਦੇ ਕੇਂਦਰੀ ਭਾਵ ਨੂੰ ਦ੍ਰਿੜ ਕਰਵਾਉਣ ਲਈ ਉਪਜਿਤ ਸਮੱਸਿਆ ਦਾ ਸਮਾਧਾਨ ਲਈ ਪ੍ਰਮਾਣ, ਦਲੀਲਾਂ, ਉਦਾਹਰਨਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮੌਜੂਦ ਹਨ।

## ਗੁਰੂ ਨਾਨਕ ਦੇਵ : ਸੰਗੀਤ ਪਰੰਪਰਾ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈ: ਨੂੰ ਹੋਇਆ ਜਿਸ ਦੇ ਨਾਲ ਸਿੱਖ ਕਾਲ ਦਾ ਆਰੰਭ ਹੋਇਆ। ਇਸ ਤਰ੍ਹਾਂ ਗੁਰੂ ਸਾਹਿਬ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਚਾਰ ਉਦਾਸੀਆਂ ਕੀਤੀਆਂ ਅਤੇ ਕੀਰਤਨ ਦਾ ਬੜਾ ਪ੍ਰਚਾਰ ਕੀਤਾ। ਬਾਣੀ ਦੀ ਰਚਨਾ ਕਰਕੇ ਇਕ ਅਦੁੱਤੀ ਕਰਿਸ਼ਮਾ ਦਿਖਾਇਆ। ਇਨ੍ਹਾਂ ਅਧਿਆਤਮਕ ਰਚਨਾਵਾਂ ਦੇ ਗਾਇਨ ਨਾਲ ਹੀ ਸਿੱਖ ਧਰਮ ਵਿਚ ਕੀਰਤਨ ਦੀ ਪਰੰਪਰਾ ਚਾਲੂ ਹੋਈ। ਗੁਰਮਤਿ ਸੰਗੀਤ ਦੀ ਨਿਵੇਕਲੀ ਕੀਰਤਨ ਸ਼ੈਲੀ ਨੂੰ ਗਾਇਨ ਕਰਨ ਵਾਲੇ ਨੂੰ ਗੁਰੂ ਨਾਨਕ ਦੇਵ ਜੀ ਨੇ ਢਾਡੀ ਦਾ ਖਿਤਾਬ ਦੇ ਕੇ ਨਿਵਾਜਿਆ। ਆਪਣੇ ਆਪ ਨੂੰ ਉਸ ਖਸਮ ਦਾ ਢਾਡੀ ਕਹਿੰਦੇ ਹੋਏ ਫੁਰਮਾਇਆ :

ਹਉ ਢਾਡੀ ਵੇਕਾਰ ਕਾਰੇ ਲਾਇਆ॥<br>
ਢਾਡੀ ਸਚੇ ਮਹਲ ਖਸਮਿ ਬੁਲਾਇਆ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 150)

ਕੀਰਤਨ ਦੇ ਨਾਲ ਸੰਗਤ ਲਈ ਰਬਾਬ ਨਾਮਕ ਸਾਜ਼ ਪ੍ਰਯੋਗ ਕੀਤਾ। ਗੁਰਮਤਿ ਸੰਗੀਤ ਦੀ ਇਕ ਵਿਲੱਖਣ ਪਹਿਚਾਣ ਉਜਾਗਰ ਕੀਤੀ। ਗੁਰੂ ਸਾਹਿਬ ਨੇ 19 ਰਾਗਾਂ ਵਿਚ 973 ਸ਼ਬਦਾਂ ਦੀ ਰਚਨਾ ਕੀਤੀ। ਗੁਰਮਤਿ ਸੰਗੀਤ ਵਿਚ ਆਪ ਨੇ ਕਈ ਨਿਵੇਕਲੇ ਰਾਗਾਂ ਦੀ ਵੀ ਉਪਜ ਕੀਤੀ। ਮਾਝ, ਗਉੜੀ ਦੀਆਂ ਵੱਖ-ਵੱਖ ਕਿਸਮਾਂ, ਰਾਗ ਸੂਹੀ, ਮਾਰੂ ਆਦਿਕ ਪ੍ਰਯੋਗ ਕੀਤੇ। ਗੁਰੂ ਸਾਹਿਬ ਨੇ ਕੀਰਤਨ ਦੇ ਵਿਕਾਸ ਲਈ ਅਤੇ ਕੀਰਤਨ ਕਰਨ ਲਈ 'ਕਰਤਾਰਪੁਰ' ਸਾਹਿਬ ਨੂੰ ਕੀਰਤਨ ਕੇਂਦਰ ਵਜੋਂ ਸਥਾਪਤ ਕੀਤਾ ਜਿਥੇ ਗੁਰੂ ਸਾਹਿਬ ਦੇ ਵੇਲੇ 'ਆਸਾ ਦੀ ਵਾਰ' ਅਤੇ ਸੋਦਰੁ ਦਾ ਗਾਇਨ ਸਵੇਰੇ ਸ਼ਾਮ ਕੀਤਾ ਜਾਂਦਾ ਸੀ।

## ਗੁਰੂ ਅੰਗਦ ਦੇਵ : ਸੰਗੀਤ ਪਰੰਪਰਾ

ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ ਭਾਈ ਲਹਿਣਾ ਜੀ ਸੀ। ਗੁਰਿਆਈ ਮਿਲਣ ਤੋਂ ਬਾਅਦ ਆਪ ਗੁਰੂ ਅੰਗਦ ਦੇਵ ਜੀ ਬਣੇ। ਗੁਰਮਤਿ ਸੰਗੀਤ ਪ੍ਰਬੰਧ ਅਧੀਨ ਗੁਰੂ ਅੰਗਦ ਦੇਵ ਜੀ ਦੇ ਉਚਾਰੇ ਸਲੋਕ ਵੱਖ-ਵੱਖ ਰਾਗਾਂ ਵਿਚ ਦਰਜ ਹਨ, ਜਿਨ੍ਹਾਂ ਦਾ ਰਾਗਾਂ ਅਨੁਸਾਰ ਵੇਰਵਾ ਇਸ ਪ੍ਰਕਾਰ ਹੈ। ਰਾਗ ਸਿਰੀ, ਆਸਾ, ਸੋਰਠਿ, ਮਾਝ, ਸੂਹੀ, ਰਾਮਕਲੀ, ਮਾਰੂ, ਸਾਰੰਗ, ਮਲਾਰ ਆਦਿ ਆਪ ਦੀ ਰਾਗਾਂ ਸਬੰਧੀ ਸੂਖ਼ਮ ਸੂਝ ਇਸ ਸਲੋਕ ਤੋਂ ਸਪਸ਼ਟ ਹੋ ਜਾਂਦੀ ਹੈ ਜੋ ਆਪ ਜੀ ਨੇ ਰਾਗ ਬਸੰਤ ਦੇ ਪ੍ਰਥਾਇ ਉਚਾਰਨ ਕੀਤਾ।

ਪਹਿਲੈ ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ।<br>
ਨਾਨਕ ਸੋ ਸਬਾਹੀਐ ਜਿ ਸਭਸੈ ਦੇ ਆਧਾਰ॥

ਗੁਰੂ ਸਾਹਿਬ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਆਪਣੇ ਦਰਬਾਰ ਵਿਚ ਭਾਈ ਸੱਤਾ ਅਤੇ ਬਲਵੰਡ ਤੋਂ ਇਲਾਵਾ ਭਾਈ ਸਜਾਦਾ, ਭਾਈ ਸਾਦੂ ਬਾਦੂ ਆਦਿ ਪ੍ਰਸਿੱਧ ਕੀਰਤਨੀਏ ਸਨ ਜੋ ਸਵੇਰੇ ਸ਼ਾਮ ਗੁਰੂ ਦਰਬਾਰ ਵਿਚ ਕੀਰਤਨ ਦੀ ਹਾਜ਼ਰੀ ਭਰਦੇ ਸਨ। ਗੁਰੂ ਸਾਹਿਬ ਨੇ ਕੀਰਤਨ ਦੇ ਵਿਕਾਸ ਲਈ 'ਖਾਡੂਰ ਸਾਹਿਬ' ਦੀ ਸਥਾਪਨਾ ਕੀਤੀ ਜਿਥੇ ਬਲਵੰਡ ਸਵੇਰੇ ਸ਼ਾਮ ਗੁਰੂ ਕੇ ਦਰਬਾਰ ਵਿਚ ਕੀਰਤਨ ਕਰਦੇ ਸਨ। ਖਡੂਰ ਸਾਹਿਬ ਬਾਰੇ ਰਾਮਕਲੀ ਵਾਰ ਦੇ ਅੰਤਰਗਤ ਫੁਰਮਾਨ ਹੈ :

ਫੇਰਿ ਵਸਾਇਆ ਫੇਰ ਆਣਿ ਸਤਿਗੁਰਿ ਖਾਡੂਰ।

**ਗੁਰੂ ਅਮਰਦਾਸ : ਸੰਗੀਤ ਪਰੰਪਰਾ**

ਗੁਰੂ ਅਮਰਦਾਸ ਜੀ ਨੇ ਵੀ ਗੁਰੂ ਅੰਗਦ ਦੇਵ ਜੀ ਵੱਲੋਂ ਚਲਾਈ ਗੁਰਮਤਿ ਕੀਰਤਨ ਪਰੰਪਰਾ ਦੇ ਵਿਕਾਸ ਵਿਚ ਵਡਮੁੱਲਾ ਯੋਗਦਾਨ ਪਾਇਆ। ਗੁਰੂ ਸਾਹਿਬ ਨੇ 873 ਸ਼ਬਦ ਸਲੋਕ, ਵਾਰ ਅਤੇ ਛੰਤਾਂ ਹੇਠ ਵੱਖ-ਵੱਖ ਰਾਗਾਂ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ, ਪ੍ਰਭਾਤੀ ਵਿਚ ਬਾਣੀ ਦੀ ਰਚਨਾ ਕੀਤੀ। ਰਾਗਾਂ ਪ੍ਰਤੀ ਆਪ ਦੀ ਸੂਖ਼ਮ ਸੂਝ ਵਿਚਾਰਧਾਰਾ ਦਾ ਇਨ੍ਹਾਂ ਸਤਰਾਂ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਆਪ ਜੀ ਨੂੰ ਰਾਗਾਂ ਪ੍ਰਤਿ ਕਿੰਨਾ ਗਿਆਨ ਸੀ। ਗੁਰੂ ਸਾਹਿਬ ਦਾ ਫੁਰਮਾਨ ਹੈ :

- ਰਾਗਾਂ ਵਿਚ ਸ੍ਰੀ ਰਾਗ ਹੈ ਜੇ ਸਚਿ ਧਰੇ ਪਿਆਰ।
  ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਹਿ ਅਪਾਰੁ। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 63)
- ਗਉੜੀ ਰਾਗ ਸੁਲਖਣੀ ਜੇ ਖਸਮੇ ਚਿਤ ਕਰੇਇ। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 341)
- ਸਬਦ ਰਤੇ ਵਡਹੰਸ ਹੈ, ਸਚੁ ਨਾਮੁ ਉਰਿਧਾਰ। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 291)
- ਰਾਗ ਨਾਦੁ ਸ਼ਬਦ ਸੋਹਣੇ ਜਾਂ ਲਾਗੈ ਸਹਿਜ ਧਿਆਨ। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 244)

ਗੁਰੂ ਸਾਹਿਬ ਵੱਲੋਂ ਰਾਮਕਲੀ ਰਾਗ ਵਿਚ ਰਚੀ ਅਨੰਦ ਸਾਹਿਬ ਦੀ ਬਾਣੀ ਗੁਰਸਿੱਖੀ ਜੀਵਨ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ। ਗੁਰੂ ਸਾਹਿਬ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਆਪਣੇ ਦਰਬਾਰ ਵਿਚ ਭਾਈ ਸੱਤਾ ਬਲਵੰਡ, ਪਾਂਧਾ, ਬੁੱਲਾ ਆਦਿ ਰਬਾਬੀ ਕੀਰਤਨ ਕਰਨ ਲਈ ਰੱਖੇ ਹੋਏ ਸਨ ਜੋ ਸਵੇਰੇ ਸ਼ਾਮ ਕੀਰਤਨ ਕਰਦੇ ਸਨ। ਗੁਰੂ ਸਾਹਿਬ ਨੇ ਕੀਰਤਨ ਲਈ ਅਤੇ ਸਿੱਖ ਧਰਮ ਦੇ ਪ੍ਰਚਾਰ ਲਈ ਗੋਇੰਦਵਾਲ ਸਾਹਿਬ ਦੀ ਸਥਾਪਨਾ ਕੀਤੀ। ਭਾਈ ਗੁਰਦਾਸ ਦਾ ਫੁਰਮਾਨ ਹੈ :

ਫੇਰਿ ਵਸਾਇਆ ਗੋਇੰਦਵਾਲ
ਅਚਰਜ ਖੇਲੁ ਨ ਲਖਿਆ ਜਾਈ॥

ਗੁਰੂ ਸਾਹਿਬ ਨੇ ਤੰਤੀ ਸਾਜ਼ ਸ਼ੰਰਦਾ ਦਾ ਅਵਿਸ਼ਕਾਰ ਕੀਤਾ ਜੋ ਗੁਰਮਤਿ ਸੰਗੀਤ ਲਈ ਇਕ ਵਡਮੁੱਲਾ ਯੋਗਦਾਨ ਹੈ। ਇਕ ਸ਼ੰਰਦਾ ਸਾਜ਼ ਅੱਜ ਵੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਅਜਾਇਬ ਘਰ ਵਿਚ ਦਰਸ਼ਨਾਂ ਲਈ ਪਿਆ ਹੈ।

**ਗੁਰੂ ਰਾਮਦਾਸ : ਸੰਗੀਤ ਪਰੰਪਰਾ**

ਗੁਰੂ ਰਾਮਦਾਸ ਜੀ ਨੇ ਗੁਰਮਤਿ ਸੰਗੀਤ ਦੇ ਵਿਕਾਸ ਲਈ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਨਟ ਨਰਾਇਣ, ਗੋਂਡ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਕਾਨੜਾ, ਕਲਿਆਨ, ਪ੍ਰਭਾਤੀ ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਲੋਕ ਕਾਵਿ ਰੂਪਾਂ ਤੇ ਸਨਾਤਨੀ ਸ਼ੈਲੀਆਂ ਦਾ ਪ੍ਰਯੋਗ ਕਰਦੇ ਹੋਏ ਬਾਣੀ ਵਿਚ ਪਦੇ, ਅਸਟਪਦੀਆਂ, ਘੋੜੀਆਂ, ਛੰਤ, ਵਾਰ ਆਦਿਕ, ਕਾਵਿ ਰੂਪਾਂ ਤੇ ਸ਼ੈਲੀਆਂ ਦਾ ਪ੍ਰਯੋਗ ਕੀਤਾ। ਪੜਤਾਲ ਗਾਇਨ ਸ਼ੈਲੀ ਆਪ ਦੀ ਬਾਣੀ ਦੀ ਨਿਵੇਕਲੀ ਗਾਇਨ ਸ਼ੈਲੀ ਹੈ। ਗੁਰਮਤਿ ਸੰਗੀਤ ਨੂੰ ਜਿਥੇ ਇਹ ਗੁਰੂ ਸਾਹਿਬ ਦੀ ਮਹਾਨ ਦੇਣ ਹੈ ਉਥੇ ਇਹੀ ਉਨਤੀ ਹੀ ਕਠਿਨ ਗਾਇਨ ਸ਼ੈਲੀ ਵੀ ਹੈ। ਭਾਰਤੀ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਲਈ ਗੁਰੂ ਸਾਹਿਬ ਲਈ ਇਹ ਸ਼ੈਲੀ ਇਕ ਵਡਮੁੱਲੀ ਦੇਣ ਹੈ। ਭਾਈ ਸੱਤਾ ਅਤੇ ਬਲਵੰਡ ਗੁਰੂ ਸਾਹਿਬ ਦੇ ਦਰਬਾਰ ਦੇ ਪ੍ਰਸਿੱਧ ਕੀਰਤਨੀਏ ਸਨ ਜੋ ਸਵੇਰੇ ਸ਼ਾਮ ਨਿਰਧਾਰਤ ਰਾਗ ਪ੍ਰਣਾਲੀ ਅਨੁਸਾਰ ਕੀਰਤਨ ਕਰਦੇ ਸਨ।

**ਗੁਰੂ ਅਰਜਨ ਦੇਵ : ਸੰਗੀਤ ਪਰੰਪਰਾ**

ਗੁਰਮਤਿ ਸੰਗੀਤ ਦੇ ਵਿਕਾਸ ਵਿਚ ਗੁਰੂ ਅਰਜਨ ਦੇਵ ਜੀ ਦਾ ਇਕ ਮਹੱਤਵਪੂਰਨ ਸਥਾਨ ਹੈ। ਆਪ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਕੀਰਤਨ ਕਰਨ ਦੀ ਮਰਿਯਾਦਾ ਲਾਗੂ ਕੀਤੀ ਅਤੇ 24 ਘੰਟੇ ਦਰਬਾਰ ਸਾਹਿਬ ਵਿਚ ਕੀਰਤਨ ਦਾ ਪ੍ਰਵਾਹ ਚਲਾਇਆ।

ਕੀਰਤਨ ਨਿਰਮੋਲਕ ਹੀਰਾ॥<br>
ਆਨੰਦ ਗੁਣੀ ਗਹੀਰਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 893)

ਕੀਰਤਨ ਕਰਨ ਵਾਲੇ ਕੀਰਤਨੀਏ ਨੂੰ ਗੁਰੂ ਸਾਹਿਬ ਨੇ ਬੜਾ ਉੱਤਮ ਦਰਜਾ ਦਿੱਤਾ ਅਤੇ ਨਾਲ ਹੀ ਤਾਕੀਦ ਕੀਤੀ ਕਿ

ਭਲੋ ਭਲੋ ਰੇ ਕੀਰਤਨੀਆ ਰਾਮ ਰਮਾ ਰਾਮ ਗੁਨ ਗਾਉ।<br>
ਛੋਡਿ ਮਾਇਆ ਕੇ ਧੰਧਿ ਸੁਆਉ॥ ਰਹਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 610)

ਗੁਰੂ ਸਾਹਿਬ ਨੇ ਰਾਗ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਨਟ ਨਰਾਇਣ, ਗੋਂਡ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ ਆਦਿ ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ। ਗੁਰਮਤਿ ਸੰਗੀਤ ਦੀ ਨਿਰਧਾਰਤ ਪ੍ਰਣਾਲੀ ਅਨੁਸਾਰ ਕੀਰਤਨ ਕਰਨ ਅਤੇ ਸਿੱਖਣ ਦੀ ਪਿਰਤ ਆਪ ਨੇ ਪਾਈ। ਗੁਰੂ ਸਾਹਿਬ ਨੇ ਆਪ ਕੀਰਤਨ ਦੀ ਦਾਤ ਸੰਗਤਾਂ ਨੂੰ ਬਖ਼ਸ਼ਿਸ਼ ਕੀਤੀ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਛੰਤ, ਵਾਰ, ਸੋਹਲੇ, ਅੰਜੁਲੀਆਂ ਆਦਿ ਲੋਕ ਕਾਵਿ ਰੂਪਾਂ ਤੋਂ ਬਿਨਾਂ ਪਦੇ, ਅਸਟਪਦੀਆਂ ਵਰਗੇ ਸਨਾਤਨੀ ਕਾਵਿ ਰੂਪ ਵੀ ਵਰਤੇ ਹਨ। ਇਸ ਤਰ੍ਹਾਂ ਗੁਰੂ ਸਾਹਿਬ ਨੇ ਗੁਰੂ ਰਾਮਦਾਸ ਵੱਲੋਂ ਸ਼ੁਰੂ ਕੀਤੀ ਨਵੀਂ ਪੜਤਾਲ ਗਾਇਨ ਸ਼ੈਲੀ ਦੇ ਅੰਤਰਗਤ

ਆਪ ਨੇ 36 ਪੜਤਾਲਾਂ ਨੂੰ ਵੱਖਰੇ ਰਾਗਾਂ ਦੇ ਅੰਤਰਗਤ ਅੰਕਿਤ ਕੀਤਾ। ਆਪ ਨੇ ਸੁਖਮਨੀ ਸਾਹਿਬ ਅਤੇ ਬਾਰਾ ਮਾਹ ਵਿਸ਼ੇਸ਼ ਬਾਣੀਆਂ ਦੀ ਰਚਨਾ ਕੀਤੀ ਜਿਸ ਦੀ ਸਿੱਖ ਇਤਿਹਾਸ ਵਿਚ ਬੜੀ ਅਹਿਮੀਅਤ ਹੈ। ਆਪ ਨੇ ਕੀਰਤਨ ਕਰਨ ਲਈ ਦਰਬਾਰ ਸਾਹਿਬ ਵਿਖੇ ਭਾਈ ਕੇਦਾਰਾ, ਭਾਈ ਝਾਝੂ ਅਤੇ ਮੁਕੰਦ ਗੁਰਸਿੱਖ ਕੀਰਤਨੀਏ ਰੱਖੇ ਹੋਏ ਸਨ। ਭਾਈ ਗੁਰਦਾਸ ਇਸ ਬਾਰੇ ਲਿਖਦੇ ਹਨ :

ਝਾਝੂ ਅਤੇ ਮੁਕੰਦ ਹੈ ਕੀਰਤਨ ਕਰੈ ਹਜੂਰਿ ਕਿਦਾਰਾ॥
ਸਾਧ ਸੰਗਤਿ ਪਰਗਟੁ ਪਾਹਾਰਾ॥

ਕੀਰਤਨ ਕਰਨ ਲਈ ਸੰਾਰਦਾ ਅਤੇ ਜੋੜੀ ਸਾਜ਼ਾਂ ਦਾ ਪ੍ਰਯੋਗ ਗੁਰੂ ਸਾਹਿਬ ਦੇ ਵੇਲੇ ਹੀ ਸ਼ੁਰੂ ਹੋਇਆ ਅਤੇ ਦਰਬਾਰ ਸਾਹਿਬ ਕੀਰਤਨ ਚੌਕੀਆਂ ਦੇ ਨਾਲ ਕੀਰਤਨ ਦੀ ਪੂਰੀ ਮਰਿਯਾਦਾ ਵੀ ਗੁਰੂ ਸਾਹਿਬ ਦੇ ਵੇ ਲੇ ਹੀ ਸ਼ੁਰੂ ਹੋਈ ਜੋ ਅੱਜ ਤੱਕ ਜਾਰੀ ਹੈ।

**ਗੁਰੂ ਹਰਿਗੋਬਿੰਦ ਸਾਹਿਬ : ਸੰਗੀਤ ਪਰੰਪਰਾ**

ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਤੋਂ ਬਾਦ ਸਮੇਂ ਦੀ ਨਜ਼ਾਕਤ ਨੂੰ ਪਛਾਣਦੇ ਹੋਏ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਕਿਉਂਕਿ ਉਹ ਸਿੱਖਾਂ ਨੂੰ ਸੰਤ ਦੇ ਨਾਲ-ਨਾਲ ਸਿਪਾਹੀ ਬਣਾਉਣਾ ਚਾਹੁੰਦੇ ਸਨ। ਆਪ ਨੇ ਅਕਾਲ ਤਖ਼ਤ ਦੀ ਸਥਾਪਨਾ ਕਰਕੇ ਸਿੱਖਾਂ ਅੰਦਰ ਬੀਰ ਰਸ ਪੈਦਾ ਕਰਨ ਲਈ ਪੁਰਾਤਨ ਵਾਰਾਂ ਦੇ ਆਧਾਰਤ ਧੁਨੀਆਂ ਵਾਰਾਂ ਗਾਇਨ ਕਰਨ ਦਾ ਹੁਕਮ ਕੀਤਾ। ਜਿਸ ਨਾਲ ਗੁਰਮਤਿ ਸੰਗੀਤ ਪ੍ਰਬੰਧ ਦੇ ਅੰਤਰਗਤ ਇਕ ਖਾਸ ਕਿਸਮ ਦੀ ਗਾਇਨ ਸ਼ੈਲੀ (ਢਾਡੀ ਵਾਰਾਂ) ਮਸ਼ਹੂਰ ਹੋਈ। ਗੁਰੂ ਸਾਹਿਬ ਦੇ ਵੇਲੇ ਅਕਾਲ ਤਖ਼ਤ ਤੇ ਸਵੇਰੇ ਸ਼ਾਮ ਭਾਈ ਨੱਥਾ ਅਤੇ ਅਬਦੁੱਲ ਅਤੇ ਭਾਈ ਬਾਬਕ ਸਵੇਰੇ ਸ਼ਾਮ ਢਾਡੀ ਵਾਰਾਂ ਦਾ ਗਾਇਨ ਕਰਦੇ ਸਨ। ਆਪ ਜੀ ਦੇ ਵੇਲੇ ਢਾਡੀ ਵਾਰ ਦੇ ਗਾਇਨ ਕਰਨ ਦੇ ਨਾਲ ਸੰਗਤ ਕਰਨ ਲਈ ਸਮੇਂ ਸਾਰੰਗੀ ਅਤੇ ਢੱਡ ਸਾਜ਼ ਦਾ ਪ੍ਰਯੋਗ ਸ਼ੁਰੂ ਹੋਇਆ।

**ਗੁਰੂ ਹਰਿਰਾਇ ਅਤੇ ਗੁਰੂ ਹਰਿਕ੍ਰਿਸ਼ਨ : ਸੰਗੀਤ ਪਰੰਪਰਾ**

ਸੱਤਵੇਂ ਅਤੇ ਅੱਠਵੇਂ ਪਾਤਸ਼ਾਹ ਨੇ ਭਾਵੇਂ ਗੁਰੂ ਹਰਿਗੋਬਿੰਦ ਜੀ ਵਾਂਗ ਬਾਣੀ ਦਾ ਉਚਾਰਣ ਨਹੀਂ ਕੀਤਾ ਪਰੰਤੂ ਸ਼ਬਦ ਕੀਰਤਨ ਦਾ ਗੁਰੂ ਸਾਹਿਬਾਨ ਦੇ ਵੇਲੇ ਖ਼ੂਬ ਪ੍ਰਚਾਰ ਹੋਇਆ। ਆਪ ਨੇ ਗੁਰਮਤਿ ਸੰਗੀਤ ਦੀ ਵਿਵਹਾਰਕ ਪ੍ਰੰਪਰਾ ਨੂੰ ਅਗਾਂਹ ਚਲਾਇਆ।

**ਗੁਰੂ ਤੇਗ ਬਹਾਦਰ : ਸੰਗੀਤ ਪਰੰਪਰਾ**

ਗੁਰੂ ਤੇਗ ਬਹਾਦਰ ਜੀ ਨੇ ਬਾਣੀ ਦੀ ਰਚਨਾ ਕਰਕੇ ਗੁਰਮਤਿ ਸੰਗੀਤ ਮਾਧਿਅਮ ਰਾਹੀਂ ਅਧਿਆਤਮਕ ਦ੍ਰਿਸ਼ਟੀ ਦਾ ਪ੍ਰਚਾਰ ਕੀਤਾ। ਆਪ ਨੇ 118 ਸ਼ਬਦ ਪਦਿਆਂ ਰੂਪ 'ਚੋਂ ਉਚਾਰਣ ਕੀਤੇ ਜੋ ਰਾਗ ਗਉੜੀ, ਬਿਹਾਗੜਾ, ਸੋਰਠਿ, ਦੇਵਗੰਧਾਰੀ, ਜੈਤਸਰੀ, ਧਨਾਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ, ਜੈਜਾਵੰਤੀ ਆਦਿ ਰਾਗਾਂ ਵਿਚ ਰਚੇ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਬਦ ਕੀਰਤਨ ਦੇ ਖੇਤਰ ਵਿਚ ਜੋ ਯੋਗਦਾਨ ਪਾਇਆ ਉਸ ਦਾ ਸਿੱਖ ਇਤਿਹਾਸ ਅਤੇ ਗੁਰਮਤਿ ਸੰਗੀਤ ਦੇ ਇਤਿਹਾਸ ਵਿਚ ਇਕ ਅਹਿਮ ਯੋਗਦਾਨ ਹੈ। ਪਹਿਲੇ ਗੁਰੂ ਸਾਹਿਬਾਨ ਵੱਲੋਂ ਉਚਾਰੇ ਰਾਗਾਂ ਤੋਂ ਇਲਾਵਾ ਆਪ ਨੇ ਜੈਜਾਵੰਤੀ ਰਾਗ ਜਿਸ ਵਿਚ ਸਿਰਫ਼ ਆਪ ਦੀ ਹੀ ਬਾਣੀ ਦਰਜ਼ ਹੈ, ਨੂੰ ਬੜਾ ਯੋਗ ਸਥਾਨ

ਦਿੱਤਾ। ਆਪ ਜੀ ਵੱਲੋਂ ਲਿਖੇ ਸਲੋਕ ਬੜੇ ਵੈਰਾਗਮਈ ਅਤੇ ਗੰਭੀਰ ਪ੍ਰਕ੍ਰਿਤੀ ਦੇ ਪ੍ਰਤੀਕ ਹਨ।

**ਗੁਰੂ ਗੋਬਿੰਦ ਸਿੰਘ : ਸੰਗੀਤ ਪਰੰਪਰਾ**

ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਸੰਗੀਤਕਾਰ ਸਨ। ਇਸ ਦਾ ਸਬੂਤ ਸਰਬਲੋਹ ਗ੍ਰੰਥ ਹੈ। ਜਿਸ ਵਿਚ ਉਨ੍ਹਾਂ ਨੇ 235 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਰਚਨਾਵਾਂ ਦਾ ਇਕ ਗ੍ਰੰਥ ਤਿਆਰ ਕੀਤਾ ਜੋ 'ਦਸਮ ਗ੍ਰੰਥ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸੇ ਤਰ੍ਹਾਂ ਆਪ ਦੇ ਦਰਬਾਰ ਵਿਚ 52 ਕਵੀ ਸਨ ਜਿਨ੍ਹਾਂ ਵਿਚੋਂ ਕਈ ਉੱਚ ਕੋਟੀ ਦੇ ਸੰਗੀਤਕਾਰ ਅਤੇ ਕੀਰਤਨਕਾਰ ਵੀ ਸਨ ਜੋ ਸਵੇਰੇ ਸ਼ਾਮ ਗੁਰੂ ਦਰਬਾਰ ਵਿਚ ਕੀਰਤਨ ਕਰਦੇ ਸਨ। ਉਹਨਾਂ ਵਿਚ ਭਾਈ ਸੱਦੂ ਅਤੇ ਮੱਦੂ ਗੁਰੂ ਘਰ ਦੇ ਰਬਾਬੀ ਕੀਰਤਨੀਏ ਸਨ।

ਗੁਰੂ ਸਾਹਿਬ ਦਾ ਕੀਰਤਨ ਪ੍ਰਤੀ ਬਹੁਤ ਪਿਆਰ ਸੀ। ਇਕ ਵਾਰ ਤੁਰਕਾਂ ਦੀਆਂ ਲੱਖਾਂ ਫੌਜਾਂ ਨੇ ਆਪ ਜੀ ਨੂੰ ਕਈ ਦਿਨਾਂ ਤੱਕ ਅਨੰਦਪੁਰ ਸਾਹਿਬ ਵਿਚ ਘੇਰ ਲਿਆ ਸੀ। ਆਪ ਨੇ ਅੰਮ੍ਰਿਤ ਵੇਲੇ 'ਆਸਾ ਦੀ ਵਾਰ' ਦਾ ਕੀਰਤਨ ਕਰਨ ਦੀ ਰੀਤ ਉਦੋਂ ਵੀ ਜਾਰੀ ਰੱਖੀ। ਗੁਰਮਤਿ ਸੰਗੀਤ ਦੇ ਵਿਕਾਸ ਲਈ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਨੂੰ ਕੀਰਤਨ ਕੇਂਦਰ ਵਜੋਂ ਸਥਾਪਿਤ ਕੀਤਾ ਜਿਥੇ ਸਵੇਰੇ ਸ਼ਾਮ ਸੰਗਤਾਂ ਰਲ-ਮਿਲ ਕੇ ਗੁਰੂ ਸਾਹਿਬ ਦੀ ਨਿਰਧਾਰਤ ਕੀਤੀ ਹੋਈ ਕੀਰਤਨ ਪਰੰਪਰਾ ਅਨੁਸਾਰ ਕੀਰਤਨ ਕਰਦੀਆਂ ਸਨ।

ਇਸ ਤਰ੍ਹਾਂ ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਵੱਖ-ਵੱਖ ਗਾਇਨ ਰੂਪਾਂ ਦਾ ਵੀ ਪ੍ਰਯੋਗ ਕੀਤਾ। ਇਹਨਾਂ ਗਾਇਨ ਰੂਪਾਂ ਵਿਚ ਮੁੱਖ ਤੌਰ ਤੇ ਸ਼ਾਸਤਰੀ ਅਤੇ ਲੋਕ-ਗਾਇਨ ਰੂਪਾਂ ਦਾ ਪ੍ਰਯੋਗ ਵੀ ਕੀਤਾ ਗਿਆ ਹੈ। ਸ਼ਾਸਤਰੀ ਗਾਇਨ ਰੂਪਾਂ ਦੇ ਅੰਤਰਗਤ ਮੁੱਖ ਰੂਪ ਵਿਚ ਅਸਟਪਦੀ, ਧਰੁਪਦ, ਹੋਲੀ ਅਤੇ ਪੜਤਾਲ ਆਦਿ ਅੰਗਾਂ ਤੋਂ ਬਾਣੀ ਦਾ ਉਚਾਰਣ ਕੀਤਾ ਗਿਆ ਹੈ। ਇਸ ਤਰ੍ਹਾਂ ਹੀ ਲੋਕ ਗਾਇਨ ਰੂਪਾਂ ਦੇ ਅੰਤਰਗਤ ਮੁੱਖ ਰੂਪ ਵਿਚ ਅਲਾਹੁਣੀਆਂ, ਘੋੜੀਆਂ, ਵਾਰ, ਸੋਹਲੇ, ਛੰਤ, ਮੁੰਦਾਵਣੀ ਆਦਿ ਰੂਪਾਂ ਦਾ ਪ੍ਰਯੋਗ ਕੀਤਾ ਗਿਆ ਹੈ।

## ਅਧਿਆਇ ਦੂਜਾ

# ਗੁਰਮਤਿ ਸੰਗੀਤ : ਗਾਇਨ ਸ਼ੈਲੀਆਂ

### ਸ਼ਾਸਤਰੀ ਅੰਗ ਦੀਆਂ ਗਾਇਨ ਸ਼ੈਲੀਆਂ

1. **ਅਸਟਪਦੀ :** ਅਸਟਪਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਹੱਤਵਪੂਰਨ ਕਾਵਿ-ਰੂਪ ਹੈ। ਗੁਰੂ ਸਾਹਿਬਾਨ ਤੋਂ ਪਹਿਲਾਂ ਵੀ ਇਸ ਕਾਵਿ-ਸ਼ੈਲੀ ਦਾ ਪ੍ਰਯੋਗ ਭਗਤ ਕਵੀ ਅਤੇ ਸੰਗੀਤਕਾਰ ਕਰਦੇ ਰਹੇ ਸਨ। ਜੈਦੇਵ ਰਚਿਤ ਗੀਤ ਗੋਵਿੰਦ ਦੀਆਂ ਅਸਟਪਦੀਆਂ ਭਾਰਤੀ ਸਾਹਿਤ ਅਤੇ ਸੰਗੀਤ ਦਾ ਵਡਮੁੱਲਾ ਸਰਮਾਇਆ ਹਨ। ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ, ਸ੍ਰੀ ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਨੇ ਆਪਣੀ ਬਾਣੀ ਲਈ ਅਸਟਪਦੀ ਦਾ ਵਿਸ਼ੇਸ਼ ਰੂਪ ਵਿਚ ਪ੍ਰਯੋਗ ਕੀਤਾ। ਅੱਠ ਪਦਿਆਂ ਦੀ ਇਸ ਰਚਨਾ ਦੇ ਕਾਵਿ-ਰੂਪ ਦਾ ਕੋਈ ਖਾਸ ਤੋਲ ਤੁਕਾਂਤ ਨਹੀਂ ਹੁੰਦਾ। ਇਸ ਵਿਚ ਅੱਠ ਬੰਦ ਇਕੋ ਪ੍ਰਬੰਧ ਵਿਚ ਲਿਖੇ ਜਾਂਦੇ ਹਨ।[1] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਜਿਸ ਪ੍ਰਬੰਧ ਵਿਚ ਅੱਠ ਛੰਦ ਇਕੱਠੇ ਹੋਣ ਉਸ ਨੂੰ ਅਸਟਪਦੀ ਕਹਿੰਦੇ ਹਨ।[2] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅਸਟਪਦੀ ਦਾ ਨਮੂਨਾ ਇਸ ਪ੍ਰਕਾਰ ਹੈ:

- ਰਾਗ ਮਾਝ ਅਸਟਪਦੀ ਮਹਲਾ ੧ ਘਰ ੧
  ਸਬ ਰਗਾਏ ਹੁਕਮ ਸਬਾਏ। ਸਚੀ ਦਰਗਾਹ ਮਹਿਲ ਬੁਲਾਏ।[3]
- ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ।
  ਕਲਿ ਕਲੇਸ ਤਨ ਮਾਹਿ ਮਿਟਾਵਉ।[4]
- ਮਾਝ ਮਹਲਾ ੩ ਘਰ ੧
  ਕਰਮ ਹੋਵੈ ਸਤਿਗੁਰੂ ਮਿਲਾਏ।
  ਸੇਵਾ ਸੁਰਤਿ ਸਬਦਿ ਚਿਤੁ ਲਾਏ।[5]
- ਅਗਮ ਦੁਗਮ ਰੁਤਿ ਮੇਚਉ ਬਾਸ।
  ਜਾ ਮਹਿ ਜੋਤਿ ਕਰੇ ਪਰਗਾਸ।[6]

ਗੁਰਬਾਣੀ ਵਿਚ ਅਸਟਪਦੀ ਅਧੀਨ ਪਦਿਆਂ ਦੀ ਗਿਣਤੀ ਅੱਠ ਤੋਂ ਵੱਧ ਨੌਂ, ਦਸ, ਗਿਆਰਾਂ ਅਤੇ ਅੱਠ ਤੋਂ ਘਟਾ ਕੇ ਸੱਤ ਵੀ ਮਿਲਦੀ ਹੈ। ਇਸ ਤਰ੍ਹਾਂ ਭਾਰਤੀ ਸੰਗੀਤ ਵਿਚ ਗੁਰੂ ਸਾਹਿਬਾਨ ਤੋਂ ਪਹਿਲਾਂ ਅਸਟਪਦੀ ਦਾ 'ਪ੍ਰਬੰਧ ਸ਼ੈਲੀ' ਦੇ ਰੂਪ ਵਿਚ ਪ੍ਰਚਾਰ ਸੀ।

2. **ਪਦੇ :** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਵਿਚ ਪਦੇ, ਦੁਪਦੇ, ਤਿਪਦੇ, ਚੁਪਦੇ, ਪੰਚਪਦੇ, ਛਿਪਦੇ ਸਬਦ ਦਾ ਪ੍ਰਯੋਗ ਆਮ ਦੇਖਣ ਨੂੰ ਮਿਲਦਾ ਹੈ। ਪਦ ਕਾਵਿ ਦਾ ਪੁਰਾਤਨ ਅਤੇ ਪ੍ਰਚਲਿਤ

ਕਾਵਿ-ਰੂਪ ਹੈ। ਸੰਗੀਤ ਵਿਚ ਪਦ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ, "ਜਿਨ੍ਹਾਂ ਵਿਸ਼ੇਸ਼ ਅੱਖਰ ਜਾਂ ਵਾਕ ਸਮੂਹਾਂ ਤੋਂ ਕਿਸੇ ਗਤ ਜਾਂ ਗੀਤ ਦਾ ਬੋਧ ਕੀਤਾ ਜਾਂਦਾ ਹੈ, ਉਸ ਨੂੰ ਪਦ ਕਿਹਾ ਜਾਂਦਾ ਹੈ।" ਸਿੱਖ ਗੁਰੂ ਸਾਹਿਬਾਨ ਤੋਂ ਪਹਿਲਾਂ ਹੋਰ ਭਗਤ ਕਵੀਆਂ ਨੇ ਵੀ 'ਪਦ' ਰਚਨਾ ਕੀਤੀ। ਇਨ੍ਹਾਂ 'ਪਦ' ਰਚਨਾਵਾਂ ਨੂੰ ਮੱਧਕਾਲੀਨ ਭਾਰਤੀ ਸੰਗੀਤ ਵਿਚ ਪ੍ਰਚਲਿਤ, ਧਰੁਪਦ ਅੰਗ ਤੋਂ ਗਾਇਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਨੇ ਵੀ ਕਈ ਤਰ੍ਹਾਂ ਦੀਆਂ ਪਦ ਰਚਨਾਵਾਂ ਕੀਤੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਦਿਆਂ ਨੂੰ ਸ਼ਬਦ ਵੀ ਕਿਹਾ ਜਾਂਦਾ ਹੈ, ਜੋ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਰਾਗਾਂ ਵਿਚ ਦਰਜ ਹਨ ਅਤੇ ਇਨ੍ਹਾਂ ਦੇ ਗਾਇਨ ਨੂੰ ਸ਼ਬਦ ਗਾਇਨ ਦਾ ਨਾਮ ਵੀ ਦਿੱਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਵਿਚ ਗੁਰੂ ਸਾਹਿਬਾਨ ਦੀ ਬਾਣੀ ਵਿਚ ਉਦਾਰਹਣ ਵਜੋਂ ਪਦੇ :

ਰਾਗ ਧਨਾਸਰੀ ੧ ਚਉਪਦੇ
ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ।
ਦੂਖ ਵਿਸਾਰਣ ਸੇਵਿਆ ਸਦਾ ਸਦਾ ਦਾਤਾਰੁ।[7]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵੱਧ ਪਦ ਗਾਇਨ ਸ਼ੈਲੀ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਲਈ ਪਦ ਸ਼ੈਲੀ ਨੂੰ ਗੁਰਮਤਿ ਸੰਗੀਤ ਦੀ ਪ੍ਰਧਾਨ ਸ਼ੈਲੀ ਕਿਹਾ ਜਾਂਦਾ ਹੈ।

3. **ਪੜਤਾਲ** : ਪੜਤਾਲ ਨਾਮਕ ਇਕ ਵਿਸ਼ਿਸ਼ਟ ਗਾਇਨ ਸ਼ੈਲੀ ਦਾ ਉਲੇਖ ਕੇਵਲ ਗੁਰਮਤਿ ਸੰਗੀਤ ਵਿਚ ਹੀ ਮਿਲਦਾ ਹੈ। ਭਾਰਤੀ ਸੰਗੀਤ ਵਿਚ ਇਸ ਗਾਇਨ ਸ਼ੈਲੀ ਦਾ ਕਿਤੇ ਵੀ ਹਵਾਲਾ ਨਹੀਂ ਮਿਲਦਾ। ਪਰੰਤੂ ਭਾਰਤੀ ਗ੍ਰੰਥ ਵਿਚ 'ਪੰਚਤਾਲੇਸ਼ਵਰ' ਨਾਮਕ ਗਾਇਨ ਸ਼ੈਲੀ ਨਾਲ ਇਸ ਦਾ ਸਬੰਧ ਅਸਿੱਧੇ ਤੌਰ ਤੇ ਜੋੜਿਆ ਜਾਂਦਾ ਹੈ। ਪੜਤਾਲ ਤੋਂ ਭਾਵ ਸ਼ਬਦ ਗਾਇਨ ਦੀ ਉਹ ਰਚਨਾ ਜਿਸ ਵਿਚ ਤਾਲਾਂ ਨੂੰ ਬਦਲ-ਬਦਲ ਕੇ ਪ੍ਰਯੋਗ ਕੀਤਾ ਜਾਂਦਾ ਹੈ। ਪੜਤਾਲ ਨੂੰ ਪਟਤਾਲ, ਪਰਤਤਾਲ, ਪੰਚਤਾਲ, ਆਦਿ ਨਾਵਾਂ ਨਾਲ ਵੀ ਸੰਬੋਧਿਤ ਕੀਤਾ ਜਾਂਦਾ ਹੈ। ਪੜਤਾਲ ਅਧੀਨ ਕਿਸੇ ਸ਼ਬਦ ਦੇ ਹਰ ਅੰਤਰੇ ਅਤੇ ਸਥਾਈ ਦੇ ਗਾਇਨ ਲਈ ਲਗਭਗ ਪੰਜ ਗੱਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਪਰ ਸਥਾਈ ਦੇ ਗਾਇਨ ਲਈ ਇਕੋ ਤਾਲ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਪੜਤਾਲ ਗੁਰਮਤਿ ਸੰਗੀਤ ਦੀ ਇਕ ਅਦੁੱਤੀ ਸ਼ਾਸਤਰੀ ਅੰਗ ਦੀ ਗਾਇਨ ਸ਼ੈਲੀ ਹੈ। ਪੜਤਾਲ ਦੀ ਸੰਰਚਨਾ ਸਭ ਤੋਂ ਪਹਿਲਾਂ ਗੁਰੂ ਰਾਮਦਾਸ ਜੀ ਨੇ ਕੀਤਾ। ਗੁਰੂ ਰਾਮਦਾਸ ਜੀ ਨੇ ਬਿਲਾਵਲ, ਨਟ ਨਰਾਇਣ, ਨਟ, ਸਾਰੰਗ, ਕਾਨੜਾ, ਮਲ੍ਹਾਰ ਅਤੇ ਪ੍ਰਭਾਤੀ ਬਿਭਾਸ ਰਾਗਾਂ ਵਿਚ 19 ਪੜਤਾਲਾਂ ਦੀ ਰਚਨਾ ਕੀਤੀ। ਗੁਰੂ ਸਾਹਿਬ ਦੁਆਰਾ ਰਾਗ ਕਾਨੜਾ ਵਿਚ ਇਕ ਪੜਤਾਲ ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲੋਕ ਅੰਗ ਦੀਆਂ ਕੀਰਤਨ ਗਾਇਨ ਸ਼ੈਲੀਆਂ ਵੀ ਦਰਜ ਹਨ ਜਿਹੜੀਆਂ ਵੱਖ-ਵੱਖ ਖਿੱਤਿਆਂ ਜਾਤਾਂ ਪ੍ਰਾਤਾਂ ਦੇ ਮਨੁੱਖੀ ਜੀਵਨ ਵਿਚ ਨਿੱਜੀ ਸਮੂਹਿਕ ਭਾਵਾਂ ਦੇ ਪ੍ਰਗਟਾਅ ਲਈ ਪ੍ਰਯੋਗ ਹੁੰਦੀਆਂ ਹਨ। ਗੁਰੂ ਸਾਹਿਬ ਨੇ ਬਾਣੀ ਦਾ ਸੰਦੇਸ਼ ਸੰਗਤਾਂ ਤਕ ਪਹੁੰਚਾਉਣ ਲਈ ਲੋਕ ਅੰਗ ਦੀਆਂ ਗਾਇਨ ਸ਼ੈਲੀਆਂ ਦਾ ਪ੍ਰਯੋਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੀਤਾ ਜਿਸ ਵਿਚ ਘੋੜੀਆਂ, ਅਲਾਹੁਣੀਆਂ, ਮੁੰਦਾਵਣੀ, ਛੰਦ, ਅੰਜੁਲੀ ਲੋਕ ਗਾਇਨ ਸ਼ੈਲੀਆਂ ਹਨ :

## ਲੋਕ ਅੰਗ ਦੀਆਂ ਗਾਇਨ ਸ਼ੈਲੀਆਂ

1. **ਘੋੜੀਆਂ** : ਘੋੜੀਆਂ ਪੰਜਾਬ ਦਾ ਪ੍ਰਚਲਿਤ ਲੋਕ ਕਾਵਿ-ਰੂਪ ਹੈ। ਪਿੰਡਾਂ ਵਿਚ ਅੱਜ ਵੀ ਜਦੋਂ

ਲੜਕੇ ਦਾ ਵਿਆਹ ਹੁੰਦਾ ਹੈ ਤਾਂ ਘਰ ਵਿਚ ਖੁਸ਼ੀ ਦੇ ਗੀਤ ਗਾਏ ਜਾਂਦੇ ਹਨ ਅਤੇ ਜਿਸ ਦਿਨ ਲੜਕਾ ਵਿਆਹੁਣ ਵਾਸਤੇ ਜਾਂਦਾ ਹੈ ਤਾਂ ਘੋੜੀ ਤੇ ਚੜਦਾ ਹੈ ਤਾਂ ਭੈਣਾਂ ਘੋੜੀ ਦੀ ਵਾਗ ਫੜ ਕੇ ਜੋ ਗੀਤ ਗਾਉਂਦੀਆਂ ਹਨ ਉਹ ਘੋੜੀਆਂ ਦਾ ਹੀ ਰੂਪ ਹਨ। ਇਹ ਪੰਜਾਬੀ ਸੱਭਿਆਚਾਰ ਦਾ ਰੰਗ ਹੈ ਜਦੋਂ ਭੈਣਾਂ ਇਕੱਠੀਆਂ ਹੋ ਕੇ ਭਰਾ ਦੇ ਵਿਆਹ ਤੇ ਘੋੜੀਆਂ ਗਾਉਂਦੀਆਂ ਹਨ ਤਾਂ ਇਕ ਖਾਸ ਕਿਸਮ ਦਾ ਮਾਹੌਲ ਸਿਰਜਿਆ ਜਾਂਦਾ ਹੈ। ਘੋੜੀਆਂ ਵਿਚ ਤੁਕ ਦੇ ਅਖੀਰਲੇ ਸ਼ਬਦ ਨੂੰ ਵਿਸ਼ੇਸ਼ ਲਮਕਾਅ ਸਹਿਤ ਗਾਇਨ ਕੀਤਾ ਜਾਂਦਾ ਹੈ ਅਤੇ ਇਸ ਲਈ ਕਿਸੇ ਵੀ ਸਾਜ਼ ਦੀ ਜ਼ਰੂਰਤ ਨਹੀਂ ਹੁੰਦੀ। ਪਰ ਵਿਆਹ ਵੇਲੇ ਗਾਏ ਜਾਣ ਵਾਲੇ ਗੀਤ ਘੋੜੀਆਂ ਵਿਚ ਢੋਲਕੀ ਦੀ ਵੀ ਵਰਤੋਂ ਕੀਤੀ ਜਾਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਵਿਚ ਘੋੜੀਆਂ ਨੂੰ ਗਾਇਨ ਰੂਪ ਵਜੋਂ ਦਰਜ ਕੀਤਾ ਜਿਨ੍ਹਾਂ ਵਿਚ ਪ੍ਰਮਾਤਮਾ ਦਾ ਨਾਮ ਸਿਮਰਨ ਕਰਕੇ ਪ੍ਰਮਾਤਮਾ ਦੇ ਮਿਲਾਪ ਦੇ ਸਾਧਨਾਂ ਦਾ ਵਰਨਣ ਹੈ। ਗੁਰੂ ਸਾਹਿਬ ਨੇ ਘੋੜੀਆਂ ਲਈ ਗੁਰਮਤਿ ਸੰਗੀਤ ਪ੍ਰਬੰਧ ਦੇ ਖਿਆਲ ਵਿਚ ਰੱਖਦੇ ਹੋਏ ਸ਼ਾਸਤਰੀ ਸੰਗੀਤਕ ਸੰਕੇਤ, ਰਾਗ, ਰਹਾਉ ਅਤੇ ਅੰਕਾਂ ਦਾ ਪ੍ਰਯੋਗ ਕੀਤਾ। ਇਹਨਾਂ ਘੋੜੀਆਂ ਨੂੰ ਲੋਕ-ਸੰਗੀਤ ਦੀ ਤਰ੍ਹਾਂ ਕ੍ਰਮਵਾਰ ਗਾਇਨ ਕਰਨ ਦੀ ਬਜਾਇ ਅੰਤਰਿਆਂ ਸਹਿਤ ਗਾਇਨ ਕਰਨ ਦੀ ਪਰੰਪਰਾ ਹੈ।

2. **ਅੰਜੁਲੀ** : ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ, ਅੰਜੁਲੀ ਦੇ ਅਰਥ ਇਸ ਤਰ੍ਹਾਂ ਹਨ, ਡੂਨੇ ਦੀ ਸ਼ਕਲ ਬਣਾਏ ਹੋਏ ਹੱਥ, ਪਿੱਤਰ ਦੇਵਤਾ ਆਦਿਕ ਅਰਪਣ ਕੀਤੀ ਪਾਣੀ ਚੁਲੀ, ਮੋਏ ਪ੍ਰਾਣੀ ਵਾਸਤੇ ਤਿਲਾਂਜਲੀ ਆਦਿਕ ਫੋਕਟ ਕਰਮ ਦੱਸ ਕੇ ਗੁਰੂ ਸਾਹਿਬ ਨੇ ਅੰਜੁਲੀ ਸਿਰਲੇਖ ਹੇਠ ਮਾਰੂ ਰਾਗ ਵਿਚ 'ਸੰਜੋਗੁ ਵਿਜੋਗੁ ਧੁਰਹੁ ਹੀ ਹੂਆ' ਆਦਿਕ ਸ਼ਬਦ ਲਿਖ ਕੇ ਭਾਣਾ ਮੰਨਣ ਦੀ ਪਰੇਰਨਾ ਦਿੱਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਦੋ ਅੰਜੁਲੀਆਂ ਮਾਰੂ ਰਾਗ ਵਿਚ ਦਰਜ ਹਨ। ਰੂਪਕਾਰ ਦੀ ਦ੍ਰਿਸ਼ਟੀ ਤੋਂ ਇਹ ਦੋਵੇਂ ਰਚਨਾਵਾਂ ਦੇ ਅੱਠ-ਅੱਠ ਬੰਦ ਹੁੰਦੇ ਹਨ ਅਤੇ ਹਰ ਬੰਦ ਦੀਆਂ ਪਹਿਲੀਆਂ ਦੋ ਤੁਕਾਂ ਛੋਟੀਆਂ ਅਤੇ ਤੀਸਰੀ ਤੁਕ ਲੰਬੀ ਹੈ। ਇਨ੍ਹਾਂ ਦਾ ਗਾਇਨ ਕਰਨ ਸਮੇਂ 'ਰਹਾਉ' ਦੀ ਤੁਕ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ।

3. **ਅਲਾਹੁਣੀ** : ਅਲਾਹੁਣੀ ਸ਼ਬਦ ਪੰਜਾਬੀ ਸੱਭਿਆਚਾਰ ਵਿੱਚ ਇਕ ਸੋਗਮਈ ਗੀਤ ਦਾ ਸੂਚਕ ਹੈ। ਅਲਾਹੁਣੀ ਦਾ ਭਾਵ ਵੈਣ ਜਾਂ ਕੀਰਨੇ ਪਾਉਣਾ। ਜਦੋਂ ਪ੍ਰਾਣੀ ਪ੍ਰਮੇਸਰ ਵੱਲੋਂ ਦਿੱਤੀ ਉਮਰ ਭੋਗ ਕੇ ਇਸ ਸੰਸਾਰ ਨੂੰ ਛੱਡ ਕੇ ਧਰਤੀ ਤੋਂ ਚਲਾ ਜਾਂਦਾ ਹੈ ਤਾਂ ਮਰਨ ਉਪਰੰਤ ਕੀਰਨੇ ਜਾਂ ਵੈਣ ਪਾਏ ਜਾਂਦੇ ਹਨ। ਗੁਰਮਤਿ ਦੀ ਭਾਸ਼ਾ ਵਿਚ ਇਹਨਾਂ ਵੈਣਾਂ ਜਾਂ ਕੀਰਨੇ ਸ਼ਬਦਾਂ ਨੂੰ ਅਲਾਹੁਣੀ ਕਹਿੰਦੇ ਹਨ। ਇਸ ਵਿਚ ਮਰਨ ਵਾਲੇ ਪ੍ਰਾਣੀ ਦੀ ਦੁਖੀ ਸੁਰ ਵਿਚ ਪਿੰਡ ਦੀਆਂ ਮਿਰਾਸਣਾਂ ਜਾਂ ਕੁਝ ਰਿਸ਼ਤੇਦਾਰਾਂ ਉਸ ਦੇ ਗੁਣਾਂ ਦੀ ਉਸ ਦੇ ਕੰਮਕਾਜ ਦੀ ਸਿਫ਼ਤ ਕਰਦੀਆਂ ਹਨ। ਉਸ ਦੇ ਨਾਲ ਥੋੜਾ ਸਮਾਂ ਪਿਟ ਸਿਆਪਾ, ਰੋਣਾ ਧੋਣਾ ਵੀ ਹੁੰਦਾ ਹੈ। ਇਹ ਸਭ ਕੁਝ ਤਾਲਬੱਧ ਤਰੀਕੇ ਨਾਲ ਹੁੰਦਾ ਹੈ। ਗੁਰੂ ਸਾਹਿਬਾਨ ਨੇ ਇਸ ਵੈਰਾਗਮਈ ਅਵਸਥਾ ਲਈ ਸੋਗ ਗੀਤਾਂ ਨੂੰ ਆਧਾਰ ਬਣਾ ਕੇ ਇਸ ਉੱਪਰ ਸ਼ਬਦ ਬਾਣੀ ਦੀ ਰਚਨਾ ਕੀਤੀ ਅਤੇ ਰਾਗ ਵਡਹੰਸ ਮਹਲਾ ੧ ਅਤੇ ਮਹਲਾ ੩ ਅਲਾਹੁਣੀਆਂ ਸਿਰਲੇਖ ਹੇਠ ਸਮੁੱਚੀ ਬਾਣੀ ਬੇਸ਼ੱਕ ਬੈਰਾਗਮਈ ਹੈ ਪਰ ਕਿਧਰੇ ਵੀ ਨਿਰਾਸ਼ ਜਾਂ ਉਦਾਸੀ ਦੀ ਝਲਕ ਨਹੀਂ ਮਿਲਦੀ ਸਗੋਂ ਇਸ ਤਰ੍ਹਾਂ ਲਗਦਾ ਹੈ ਕਿ ਗੁਰੂ ਸਾਹਿਬ ਜੀਣ ਤੇ ਮੌਤ ਦਾ ਡਰ ਦੂਰ ਕਰਨ ਅਤੇ ਵੈਰਾਗ ਨੂੰ ਉਤਪੰਨ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਕਹਿੰਦੇ ਹਨ ਜਿਹੜਾ ਇਸ ਸੰਸਾਰ ਤੇ ਆਇਆ ਹੈ ਉਸ ਨੇ ਜਾਣਾ ਵੀ ਹੈ। ਕਿਉਂਕਿ ਇਹ ਸਾਰਾ ਝੂਠ ਭਾਵ

ਨਾਸ਼ਵਾਨ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਤਰਗਤ ਅਲਾਹੁਣੀਆਂ ਸਿਰਲੇਖ ਹੇਠ ਪੰਜ ਅਲਾਹੁਣੀਆਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਦਰਜ ਹੈ। ਇਨ੍ਹਾਂ ਅਲਾਹੁਣੀਆਂ ਦੀ ਸਮੁੱਚੀ ਸ਼ਬਦਾਵਲੀ ਵੈਰਾਗਮਈ ਹੈ। ਇਨ੍ਹਾਂ ਪੰਜਾਂ ਅਲਾਹੁਣੀਆਂ ਤੋਂ ਬਾਅਦ ਚਾਰ ਅਲਾਹੁਣੀਆਂ ਗੁਰੂ ਅਮਰਦਾਸ ਜੀ ਨੇ ਉਚਾਰਨ ਕੀਤੀਆਂ ਹਨ ਪਰ ਇਨ੍ਹਾਂ ਉੱਪਰ ਅਲਾਹੁਣੀਆਂ ਸਿਰਲੇਖ ਦਰਜ ਨਹੀਂ।

4. **ਛੰਤ :** ਛੰਦ ਪੰਜਾਬੀ ਲੋਕ-ਕਾਵਿ ਦਾ ਅੰਗ ਹੈ। ਵਿਦਵਾਨਾਂ ਦੇ ਇਸ ਪ੍ਰਤਿ ਅਲੱਗ ਵਿਚਾਰ ਹਨ। ਛੰਤ ਸੰਸਕ੍ਰਿਤ ਦੇ ਛੰਦਸ ਸ਼ਬਦ ਦਾ ਹੀ ਇਕ ਰੂਪ ਹੈ। ਇਸ ਵਿਚ ਮਾਤ੍ਰਾ, ਵਰਣ ਯਤਿ ਆਦਿ ਦੇ ਨਿਯਮ ਹਨ।[8] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਪਦ ਕਾਵਿ ਨੂੰ ਛੰਤ ਕਿਹਾ ਜਾਂਦਾ ਹੈ।[9] ਭਾਈ ਵੀਰ ਸਿੰਘ ਨੇ ਇਸ ਨੂੰ ਹਰੀ ਜਸ ਦਾ ਗੀਤ ਕਿਹਾ ਹੈ।[10] ਸਮਾਜਿਕ ਜੀਵਨ ਵਿਚ ਜਦੋਂ ਲੜਕੇ ਦਾ ਵਿਆਹ ਹੁੰਦਾ ਹੈ ਤਾਂ ਵਿਆਹ ਸ਼ਾਦੀ ਦੇ ਮੌਕੇ ਤੇ ਗਾਏ ਜਾਣ ਵਾਲੇ ਗੀਤਾਂ ਨੂੰ ਛੰਤ ਕਹਿੰਦੇ ਹਨ। ਛੰਦ ਸ਼ਿੰਗਾਰ ਕਾਵਿ ਦਾ ਉੱਤਮ ਨਮੂਨਾ ਹਨ। ਇਨ੍ਹਾਂ ਛੰਤਾਂ ਦਾ ਗਾਇਨ ਖਮਾਜ, ਪੀਲੂ ਰਾਗਾਂ ਵਿਚ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਅਨੁਸਾਰ, ਗੁਰਬਾਣੀ ਵਿਚ ਛੰਦ ਕਾਵਿ ਅਧੀਨ ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਵਿਭਿੰਨ ਰਾਗਾਂ ਗਉੜੀ, ਗਉੜੀ ਪੂਰਬੀ, ਆਸਾ, ਵਡਹੰਸ, ਧਨਾਸਰੀ, ਬਿਲਾਵਲ ਦਖਣੀ ਅੰਤਰਗਤ ਦਰਜ ਹਨ। ਇਸ ਤਰ੍ਹਾਂ ਛੰਤਾਂ ਦਾ ਗਾਇਨ ਕ੍ਰਮਵਾਰ ਗਾਉਣ ਦੀ ਰੀਤ ਹੈ। ਸਿੱਖ ਧਰਮ ਦੀ ਪਰੰਪਰਾ ਵਿਚ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸੁਖਾਸਨ ਵਾਲੇ ਕਮਰੇ ਵਿਚ ਰਾਤ ਸਮੇਂ ਲੈ ਕੇ ਜਦੋਂ ਤਕ ਤਾਂ ਛੰਤ ਦਾ ਗਾਇਨ ਕਰਦੇ ਹਨ, "ਜਿਥੈ ਜਾਇ ਬਹੈ ਮੇਰਾ ਸਤਿਗੁਰੂ" ਸ਼ਬਦ ਦਾ ਗਾਇਨ ਕੀਤਾ ਜਾਂਦਾ ਹੈ। ਇਸ ਸ਼ਬਦ ਦਾ ਗਾਇਨ ਬਿਨਾਂ ਸਾਜ਼ਾਂ ਤੋਂ ਕੀਤਾ ਜਾਂਦਾ ਹੈ। 'ਆਸਾ ਦੀ ਵਾਰ' ਵਿਚ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਰਚਿਤ ਛੰਦਾਂ ਦਾ ਗਾਇਨ ਰੋਜ਼ਾਨਾ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਗੁਰਮਤਿ ਸੰਗੀਤ ਪ੍ਰਬੰਧ ਦੇ ਅੰਤਰਗਤ ਗੁਰੂ ਸਾਹਿਬਾਨ ਵੱਲੋਂ ਕੀਰਤਨ ਚੌਕੀਆਂ ਦਾ ਵੀ ਸਮੇਂ-ਸਮੇਂ ਪ੍ਰਚਲਨ ਕੀਤਾ ਗਿਆ ਜੋ ਅੱਜ ਵੀ ਨਿਰਧਾਰਿਤ ਪ੍ਰਣਾਲੀ ਅਨੁਸਾਰ ਗੁਰਦੁਆਰਾ ਸਾਹਿਬਾਨ ਵਿਚ ਵਿਦਮਾਨ ਹਨ ਜਿਸ ਦੀ ਚਰਚਾ ਅਸੀਂ ਅਗਲੇ ਅਧਿਆਇ ਵਿਚ ਕਰ ਰਹੇ ਹਾਂ।

## ਹਵਾਲੇ ਅਤੇ ਟਿੱਪਣੀਆਂ


1. *ਪੰਜਾਬੀ ਸਾਹਿਤ ਕੋਸ਼*, ਪੰਨਾ 30.
2. *ਗੁਰੂ ਛੰਦ ਦਿਵਾਕਰ*, ਪੰਨਾ 43.
3. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 109.
4. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1162.
5. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1278.
6. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 464.
7. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 187.
8. *ਬ੍ਰਹਦੇਸੀ ਹਿੰਦੀ ਕੋਸ਼*, ਪੰਨਾ 464.
9. *ਗੁਰੂ ਛੰਦ ਦਿਵਾਕਰ*, ਪੰਨਾ 187.
10. *ਗੁਰੂ ਗ੍ਰੰਥ ਕੋਸ਼*, ਪੰਨਾ 333.

*ਅਧਿਆਇ ਤੀਜਾ*

# ਗੁਰਮਤਿ ਸੰਗੀਤ : ਕੀਰਤਨ ਚੌਂਕੀਆਂ

ਗੁਰਮਤਿ ਸੰਗੀਤ ਪਰੰਪਰਾ ਵਿੱਚ ਕੀਰਤਨ ਕਰਨ ਲਈ ਜਿਥੇ ਸਿਧਾਂਤਕ ਤੌਰ ਤੇ ਗੁਰਮਤਿ ਸੰਗੀਤ ਵਿਧਾਨ ਦੀ ਸਿਰਜਣਾ ਕੀਤੀ ਗਈ ਹੈ ਉਥੇ ਉਸ ਦੇ ਵਿਵਹਾਰਕ ਰੂਪ ਨੂੰ ਵੀ ਦਰਸਾਇਆ ਗਿਆ ਹੈ। ਗੁਰੂ ਸਾਹਿਬਾਨ ਦੇ ਵੇਲੇ ਸੰਗਤੀ ਰੂਪ ਕੀਰਤਨ ਕਰਨ ਦੇ ਹਵਾਲੇ ਮਿਲਦੇ ਹਨ ਅਤੇ ਸਿੱਖ ਕੀਰਤਨੀਏ ਇਕੱਠੇ ਚੌਂਕੀ ਦੇ ਰੂਪ ਵਿਚ ਬੈਠ ਕੇ ਕੀਰਤਨ ਕਰਦੇ ਸਨ। ਚੌਂਕੀ ਤੋਂ ਭਾਵ ਚਾਰ ਰਾਗੀਆਂ ਦੀ ਕੀਰਤਨ ਮੰਡਲੀ। ਇਕ ਵਿਚ ਚਾਰ ਮੈਂਬਰ ਹੁੰਦੇ ਸਨ, ਜਥੇ ਦਾ ਮੁਖੀ ਦੋ ਸਹਾਇਕ (ਇਕ ਤੰਤੀ ਸਾਜ਼ ਅਤੇ ਇਕ ਖੜਤਾਲਾਂ ਵਜਾਉਣ ਲਈ) ਅਤੇ ਚੌਥਾ ਤਬਲਾ ਵਜਾਉਣ ਵਾਲਾ ਸਾਥੀ। ਕੁਝ ਹੋਰ ਵਿਦਵਾਨਾਂ ਅਨੁਸਾਰ ਕੀਰਤਨ ਚੌਂਕੀ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ ਕਿ ਚੌਂਕੀ ਦੇ ਚਾਰ ਅੰਗ ਹੁੰਦੇ ਹਨ। ਪਹਿਲੇ ਚਰਨ ਵਿਚ ਜਿਸ ਰਾਗ ਵਿਚ ਕੀਰਤਨੀਆ ਸਿੰਘ ਕੀਰਤਨ ਆਰੰਭ ਕਰਦਾ ਹੈ, ਉਸ ਰਾਗ ਦਾ ਸਵਰੂਪ ਤੇ ਦੋ-ਤਿੰਨ ਮਿੰਟ ਦਾ ਸ਼ਾਨ ਦਾ ਪ੍ਰਸਤੁਤ ਕਰਦਾ ਹੈ। ਇਸ ਚਰਨ ਵਿਚ ਤਬਲਾ ਵਾਦਕ ਜਿਥੇ ਆਪਣੀ ਕਲਾ ਦਾ ਪੂਰੀ ਖੁੱਲਦਿਲੀ ਨਾਲ ਪ੍ਰਗਟਾਵਾ ਕਰਦਾ ਹੈ ਉਥੇ ਨਾਲ ਹੀ ਸੰਗੀਤਕ ਮਾਹੌਲ ਵੀ ਸਿਰਜਦਾ ਹੈ। ਦੂਸਰੇ ਚਰਨ ਵਿਚ ਮੰਗਲਾਚਰਨ ਗਾਇਨ ਦੀ ਵਿਧੀ ਹੈ। ਇਹ ਗਾਇਨ ਵੀ ਆਪਣੀ ਗੁਰਮਤਿ ਸੰਗੀਤ ਦੀ ਨਿਰਧਾਰਿਤ ਕੀਤੀ ਹੋਈ ਪਰੰਪਰਾ ਅਨੁਸਾਰ ਹੁੰਦਾ ਹੈ। ਇਸ ਵਿਚ ਜਥੇ ਦਾ ਮੁਖੀ ਅਤੇ ਬਾਕੀ ਸਾਥੀ ਵਾਰੀ-ਵਾਰੀ ਭਰਵੀਂ ਆਵਾਜ਼ ਵਿਚ ਰਾਗ ਦਾ ਵਿਸਥਾਰਪੂਰਵਕ ਖਿਆਲ ਅੰਗ ਨਾਲ ਵਿਲਬੰਤ ਲੈਅ ਵਿਚ ਗੁਰ ਉਸਤਤੀ ਕਰਦੇ ਹੋਏ ਬੇਨਤੀ ਦੇ ਸਲੋਕਾਂ ਦਾ ਗਾਇਨ ਕਰਦੇ ਹਨ।

ਕੀਰਤਨ ਚੌਂਕੀ ਪਰੰਪਰਾ ਦੇ ਇਸ ਤੀਸਰੇ ਚਰਨ ਵਿਚ ਗੁਰਬਾਣੀ ਦੇ ਸ਼ਬਦਾਂ ਦਾ ਨਿਰੰਤਰ ਕੀਰਤਨ ਜੋ ਪਹਿਲਾਂ ਧਮਾਰ, ਧਰੁਪਦ ਅਤੇ ਮੱਧ ਲੈਅ ਵਿਚ ਹੁੰਦਾ ਹੈ। ਮੱਧ ਲੈਅ ਵਿਚ ਕੀਰਤਨੀਆ ਸਿੰਘ ਬੜੀ ਮਿੱਠੀ ਤੇ ਮਧੁਰ ਆਵਾਜ਼ ਵਿਚ ਮਿੱਠੇ-ਮਿੱਠੇ ਅਲਾਪ ਕਰਦੇ ਹਨ। ਚੌਥੇ ਚਰਨ ਵਿਚ ਮੱਧ ਲੈਅ ਤੋਂ ਦਰੁਤ ਲੈਅ ਵਿਚ ਕੀਰਤਨੀਆ ਸਿੰਘ ਲੈਅਕਾਰੀਆਂ ਕਰਦੇ ਹੋਏ ਆਪਣੀ ਸੰਗੀਤਕ ਸੂਝ-ਬੂਝ ਦਾ ਪ੍ਰਗਟਾਵਾ ਕਰਦੇ ਹਨ। ਅਖ਼ੀਰ ਪਉੜੀ ਲਗਾ ਕੇ ਭਾਵ ਪਉੜੀ ਦਾ ਪ੍ਰੰਪਰਾਗਤ ਵਿਧੀ ਅਨੁਸਾਰ ਗਾਇਨ ਕਰਕੇ ਚੌਂਕੀ ਦੀ ਸਮਾਪਤੀ ਕੀਤੀ ਜਾਂਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸਥਾਪਤ ਕੀਰਤਨ ਚੌਂਕੀ ਮਰਿਯਾਦਾ :

1. **ਅੰਮ੍ਰਿਤ ਵੇਲਾ ਆਸਾ ਦੀ ਵਾਰ ਦੀ ਚੌਂਕੀ** (ਭਾਵ ਆਸਾ ਦੀ ਵਾਰ ਦਾ ਸੰਪੂਰਨ ਕੀਰਤਨ)।
2. **ਸਵਾ ਪਹਿਰ ਦਿਨ ਚੜ੍ਹੇ ਦੀ ਚੌਂਕੀ** (ਜਿਸ ਨੂੰ 'ਬਿਲਾਵਲ' ਦੀ ਚੌਂਕੀ ਵੀ ਕਿਹਾ ਜਾਂਦਾ ਹੈ)।

3. **ਸ਼ਾਮ ਨੂੰ ਸੋਦਰ ਦੀ ਚੌਂਕੀ** (ਰਹਿਰਾਸ ਤੋਂ ਪਹਿਲਾਂ 'ਸੋਦਰੁ ਤੇਰਾ ਕੇਹਾ ਸੋ ਘਰ ਕੇਹਾ' ਦਾ ਗਾਇਨ ਆਸਾ ਰਾਗ ਵਿਚ ਕਰਨਾ)।

4. **ਕਲਿਆਨ ਦੀ ਚੌਂਕੀ** (ਇਸ ਚੌਕੀ ਵਿਚ ਕਲਿਆਨ ਰਾਗ ਦੇ ਸ਼ਬਦਾਂ ਦਾ ਗਾਇਨ ਹੁੰਦਾ ਹੈ)।

ਭਾਈ ਵੀਰ ਸਿੰਘ ਅਨੁਸਾਰ, ਦਰਬਾਰ ਸਾਹਿਬ ਵਿਚ ਲੱਗਣ ਵਾਲੀਆਂ ਪੰਜ ਚੌਂਕੀਆਂ :

1. **ਆਸਾ ਦੀ ਵਾਰ ਦੀ ਚੌਂਕੀ** (ਜੋ ਪਹਿਰ ਰਾਤ ਰਹਿੰਦਿਆਂ ਸ਼ੁਰੂ ਹੁੰਦੀ ਹੈ)।
2. **ਅਨੰਦ ਦੀ ਚੌਂਕੀ** (ਭਾਈ ਵੀਰ ਸਿੰਘ ਦੂਜੀ ਚੌਂਕੀ ਨੂੰ ਅਨੰਦ ਦੀ ਚੌਂਕੀ ਮੰਨਦੇ ਹਨ)।
3. **ਚਰਨ ਕਮਲ ਦੀ ਚੌਂਕੀ** (ਇਕ ਵਜੇ ਤੋਂ ਤਿੰਨ ਵਜੇ ਤਕ ਚਰਨ ਕਮਲ ਦੀ ਚੌਂਕੀ। ਅੱਜਕਲ੍ਹ ਵੀ ਰਾਗੀ ਸਿੰਘ 'ਚਰਨ ਕਮਲ ਪ੍ਰਭ ਕੇ ਨਿਤ ਧਿਆਵਉ' ਸ਼ਬਦ ਦਾ ਗਾਇਨ ਕਰਦੇ ਹਨ)।
4. **ਸੰਝ ਨੂੰ ਸੋਦਰ ਦੀ ਚੌਂਕੀ**
5. **ਕੀਰਤਨ ਸੋਹਲੇ ਦੀ ਚੌਂਕੀ** (ਸਵਾ ਪਹਿਰ ਰਾਤ ਗਈ ਨੂੰ ਸੋਹਿਲਾ ਬਾਣੀ ਦਾ ਪਾਠ ਕਰਕੇ ਅਰਦਾਸ ਕੀਤੀ ਜਾਂਦੀ ਹੈ)।

ਗੁਰਮਤਿ ਕੀਰਤਨ ਦੀ ਪਰੰਪਰਾ ਅਨੁਸਾਰ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਕੀਰਤਨ ਦੀਆਂ ਪੰਜ ਚੌਂਕੀਆਂ ਵਿਚ ਕੀਰਤਨ ਹੁੰਦਾ ਹੈ। ਹਰੇਕ ਚੌਂਕੀ ਦੀ ਸਮਾਪਤੀ ਤੋਂ ਬਾਅਦ ਅਰਦਾਸ ਕੀਤੀ ਜਾਂਦੀ ਹੈ। ਪਹਿਲਾ ਦਰਬਾਰ ਸਾਹਿਬ 15 ਚੌਂਕੀਆਂ ਸਨ, ਸੱਤ ਚੌਂਕੀਆਂ ਰਬਾਬੀਆਂ ਦੀਆਂ ਅਤੇ ਅੱਠ ਚੌਂਕੀਆਂ ਰਾਗੀਆਂ ਦੀਆਂ ਲਗਦੀਆਂ ਸਨ।

ਹਰ ਕੀਰਤਨ ਚੌਕੀ ਦੇ ਅਖ਼ੀਰ ਵਿਚ ਪਉੜੀ ਲਗਾਉਣ ਦੀ ਇਕ ਖਾਸ਼ ਪਰੰਪਰਾ ਹੈ। ਇਹ ਪਉੜੀ 'ਵਡੀ ਹੂ ਵਡਾ ਆਪਾਰ ਤੇਰਾ ਮਰਤਬਾ' ਸਾਰੇ ਰਾਗੀ ਗਾਇਨ ਕਰਦੇ ਹਨ। ਵਰਤਮਾਨ ਸਮੇਂ ਵਿਚ ਸ੍ਰੀ ਦਰਬਾਰ ਸਾਹਿਬ ਵਿਚ ਲੱਗਣ ਵਾਲੀ ਕੀਰਤਨ ਚੌਂਕੀਆਂ :

1. **ਤਿੰਨ ਪਹਿਰੇ ਦੀ ਚੌਂਕੀ** : ਇਹ ਚੌਂਕੀ ਦਰਬਾਰ ਸਾਹਿਬ ਵਿਖੇ ਕਿਵਾੜ ਖੁੱਲਣ ਤੋਂ ਪਹਿਲਾਂ ਪਹਿਰ ਰਾਤ ਰਹਿੰਦੀ ਲਗਾਈ ਜਾਂਦੀ ਹੈ, ਜਿਸ ਵਿਚ ਪ੍ਰਭੂ ਪ੍ਰਾਪਤੀ, ਪ੍ਰਭੂ ਦੀਦਾਰ, ਪ੍ਰਭੂ ਮਿਲਾਪ ਦੇ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ। ਅੰਤ ਵਿਚ 'ਸੰਤ ਜਨਾ ਮਿਲ ਹਰ ਜਸ ਗਾਇਓ' ਪਉੜੀ ਪੜ੍ਹ ਕੇ ਸਮਾਪਤੀ ਕੀਤੀ ਜਾਂਦੀ ਹੈ।

2. **ਆਸਾ ਦੀ ਵਾਰ ਦੀ ਚੌਂਕੀ** : ਆਸਾ ਦੀ ਵਾਰ ਦਾ ਕੀਰਤਨ ਗੁਰੂ ਨਾਨਕ ਦੇਵ ਜੀ ਦੀ ਆਗਿਆ ਅਨੁਸਾਰ ਗੁਰੂ ਅੰਗਦ ਦੇਵ ਜੀ ਨੇ ਕਰਤਾਰਪੁਰ ਵਿਖੇ ਸ਼ੁਰੂ ਕੀਤਾ ਪਰ ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮਦਾਸ ਜੀ ਦੇ ਉਚਾਰਣ ਕੀਤੇ ਆਸਾ ਰਾਗ ਦਾ 24 ਛੰਤ ਅਤੇ ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਦੇ ਉਚਾਰਣ ਕੀਤੇ ਹੋਏ ਸਲੋਕਾਂ ਨੂੰ ਇਕ ਲੜੀ ਵਿਚ ਪਰੋ ਕੇ ਨਿਵੇਕਲ ਗਾਇਨ ਸ਼ੈਲੀ ਆਸਾ ਦੀ ਵਾਰ ਨੂੰ ਵਿਕਸਤ ਕੀਤਾ ਜੋ ਅੱਜ ਵੀ ਮੌਜੂਦ ਹੈ। ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਇਹ ਕੀਰਤਨ ਪਰੰਪਰਾ ਹਰ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਚੱਲ ਰਹੀ ਹੈ। ਸੂਰਜ ਚੜਨ ਤੋਂ ਪਹਿਲਾਂ ਇਸ ਚੌਂਕੀ ਦੀ ਸਮਾਪਤੀ ਕੀਤੀ ਜਾਂਦੀ ਹੈ।

## ਆਸਾ ਦੀ ਵਾਰ ਦੀ ਕੀਰਤਨ ਪਰੰਪਰਾ

(i) **ਛੰਤ ਦਾ ਗਾਇਨ** : ਗੁਰਮਤਿ ਸੰਗੀਤ ਦੀ ਨਿਰਧਾਰਿਤ ਪ੍ਰਣਾਲੀ ਅਨੁਸਾਰ ਆਸਾ ਦੀ ਵਾਰ ਗਾਇਨ ਕਰਨ ਤੋਂ ਸ਼ੁਰੂ ਵਿਚ ਛੰਤ ਦਾ ਗਾਇਨ ਕੀਤਾ ਜਾਂਦਾ ਹੈ। ਛੰਤ ਦਾ ਗਾਇਨ ਇਕ ਤਾਲ/ਯੱਕਾ

ਤਾਲ ਵਿਚ ਕੀਤਾ ਜਾਂਦਾ ਹੈ। ਦਰਬਾਰ ਸਾਹਿਬ ਦੀ ਕੀਰਤਨ ਪਰੰਪਰਾ ਵਿਚ ਉਪਰੋਕਤ ਰੀਤ ਅਨੁਸਾਰ ਹੀ ਗਾਇਨ ਕੀਤਾ ਜਾਂਦਾ ਹੈ ਪਰ ਅੱਜਕਲ੍ਹ ਦੇ ਰਾਗੀ ਸਿੰਘ ਸਰਲ ਤਾਲਾਂ ਵਿਚ ਵੀ ਇਸ ਦਾ ਗਾਇਨ ਕਰਦੇ ਹਨ।

(ii) **ਸਲੋਕਾਂ ਦਾ ਗਾਇਨ :** ਛੰਤਾਂ ਦਾ ਗਾਇਨ ਕਰਨ ਤੋਂ ਬਾਅਦ ਸਹਾਇਕ ਰਾਗੀ ਸਿੰਘ ਦੁਆਰਾ ਉਹਨਾਂ ਸੁਰਾਂ ਤੇ ਹੀ ਛੰਦ ਦਾ ਗਾਇਨ ਕੀਤਾ ਜਾਂਦਾ ਹੈ। ਉਹਨਾਂ ਸੁਰਾਂ ਤੇ ਹੀ ਬੜੇ ਮਿੱਠੇ ਤੇ ਸਹਿਜ ਭਰੇ ਕੰਠ ਰਾਹੀਂ ਸਲੋਕਾਂ ਦਾ ਗਾਇਨ ਅਲਾਪ ਰਾਹੀਂ ਕਰਦਾ ਹੈ। ਸਲੋਕ ਪੂਰਾ ਹੋਣ ਤੇ ਦੂਜਾ ਸਾਥੀ ਦੂਜੇ ਸਲੋਕ ਦਾ ਅਲਾਪ ਰਾਹੀਂ ਗਾਇਨ ਕਰਦਾ ਹੈ। ਇਸ ਤਰ੍ਹਾਂ ਗਾਇਨ ਕਰਦੇ ਸਮੇਂ ਤਬਲੇ ਵਾਲਾ ਸਾਥੀ ਗੇ ਤਿਟ ਤਾ ਗੇਤਾ ਦੀ ਵਿਲਬੰਤ ਲੈਅ ਵਿਚ ਥਾਪ ਦਿੰਦਾ ਹੈ।

(iii) **ਪਉੜੀ ਗਾਇਨ ਅਤੇ ਪਉੜੀ ਸੋਧਣਾ :** ਸਲੋਕਾਂ ਤੋਂ ਬਾਅਦ ਪਉੜੀ ਗਾਇਨ ਹੁੰਦਾ ਹੈ ਜੋ ਸਾਰਾ ਜਥਾ ਮਿਲ ਕੇ ਕਰਦਾ ਹੈ। ਸਲੋਕ ਦੀ ਅਖੀਰਲੀ ਤੁਕ ਨੂੰ ਤਾਲ ਦੀ ਬਹਿਰ ਵਿਚ ਕਰਦੇ ਹੋਏ ਪਉੜੀ ਗਾਇਨ ਕੀਤੀ ਜਾਂਦੀ ਹੈ। ਪਉੜੀ ਦੀ ਅਖੀਰਲੀ ਤੁਕ ਨੂੰ ਵਿਸ਼ੇਸ਼ ਤੌਰ ਤੇ ਪਉੜੀ ਤਾਲ ਦੇ ਮੁਕਾਅ ਨਾਲ ਮੁਕਾਇਆ ਜਾਂਦਾ ਹੈ। ਮੁਕਾਅ ਤੋਂ ਬਾਦ ਤਬਲੇ ਵਾਲਾ ਇਸੇ ਪਉੜੀ ਦਾ ਦੁਬਾਰਾ ਗਾਇਨ ਕਰਦਾ ਹੈ, ਜਿਸ ਨੂੰ ਪਉੜੀ ਸੋਧਣਾ ਕਹਿੰਦੇ ਹਨ।

3. **ਸਵਾ ਪਹਿਰ ਦਿਨ ਚੜੇ ਬਿਲਾਵਲ ਦੀ ਚੌਂਕੀ :** ਇਹ ਚੌਂਕੀ ਰਾਗ ਬਿਲਾਵਲ ਉੱਪਰ ਹੀ ਆਧਾਰਿਤ ਹੁੰਦੀ ਹੈ। ਇਸ ਕਰਕੇ ਹੀ ਇਸ ਦਾ ਨਾਮ ਬਿਲਾਵਲ ਦੀ ਚੌਂਕੀ ਪਿਆ ਹੈ ਕਿਉਂਕਿ ਬਿਲਾਵਲ ਰਾਗ ਦਾ ਗਾਇਨ ਸਮਾਂ ਵੀ ਇਹੀ ਹੈ। ਬਿਲਾਵਲ ਦੀਆਂ ਪੰਜ ਚੌਂਕੀਆ ਮੰਨੀਆਂ ਗਈਆਂ ਹਨ।

4. **ਬਿਲਾਵਲ ਦੀ ਦੂਜੀ ਚੌਂਕੀ :** ਇਸ ਚੌਂਕੀ ਵਿਚ ਬਿਲਾਵਲ ਰਾਗਾਂ ਦੇ ਸ਼ਬਦਾਂ ਦਾ ਗਾਇਨ ਕਰਦੇ ਹਨ। ਇਸ ਸਮੇਂ ਭੈਰਉ ਰਾਮਕਲੀ ਆਦਿ ਰਾਗਾਂ ਵਿਚ ਵੀ ਸ਼ਬਦ ਗਾਏ ਜਾਂਦੇ ਹਨ।

5. **ਬਿਲਾਵਲ ਦੀ ਤੀਜੀ ਚੌਂਕੀ :** ਉਪਰੋਕਤ ਵਿਧੀ ਅਨੁਸਾਰ ਹੀ ਇਸ ਵਿਚ ਕੀਰਤਨ ਕੀਤਾ ਜਾਂਦਾ ਹੈ।

6. **ਬਿਲਾਵਲ ਦੀ ਚੌਥੀ ਚੌਂਕੀ :** ਇਸ ਚੌਂਕੀ ਦਾ ਗਾਇਨ ਵੀ ਲਗਭਗ ਉਪਰੋਕਤ ਵਿਧੀ ਅਨੁਸਾਰ ਕੀਤਾ ਜਾਂਦਾ ਹੈ।

7. **ਬਿਲਾਵਲ ਦੀ ਪੰਜਵੀ ਚੌਂਕੀ/ਅਨੰਦ ਦੀ ਚੌਂਕੀ :** ਇਸ ਚੌਂਕੀ ਨੂੰ ਅਨੰਦ ਦੀ ਚੌਂਕੀ ਵੀ ਕਿਹਾ ਜਾਂਦਾ ਹੈ। ਇਸ ਚੌਂਕੀ ਦੇ ਅਖ਼ੀਰ ਵਿਚ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਤੇ ਅੰਤਲੀ ਇਕ ਪਉੜੀ ਦਾ ਗਾਇਨ ਕੀਤਾ ਜਾਂਦਾ ਹੈ ਅਤੇ ਉਪਰੰਤ ਅਰਦਾਸ ਕੀਤੀ ਜਾਂਦੀ ਹੈ।

8. **ਚਰਨ ਕਮਲ ਦੀ ਚੌਂਕੀ :** ਇਸ ਚੌਂਕੀ ਵਿਚ ਰਾਗ ਸਾਰੰਗ ਦੇ ਸ਼ਬਦ ਗਾਇਨ ਕਰਕੇ ਚੌਂਕੀ ਦਾ ਆਰੰਭ ਕੀਤਾ ਜਾਂਦਾ ਹੈ। ਅਖ਼ੀਰ ਵਿਚ 'ਵਡੀ ਹੂ ਵਡਾ ਆਪਾਰ ਤੇਰਾ ਮਰਤਬਾ' ਵਾਲੀ ਪਉੜੀ ਲਗਾ ਕੇ ਸਮਾਪਤੀ ਕੀਤੀ ਜਾਂਦੀ ਹੈ।

9. **ਚਰਨ ਕਮਲ ਦੀ ਦੂਜੀ ਚੌਂਕੀ :** ਇਸ ਚੌਂਕੀ ਵਿਚ ਉਪਰੋਕਤ ਅਨੁਸਾਰ ਹੀ ਕੀਰਤਨ ਕੀਤਾ ਜਾਂਦਾ ਹੈ।

10. **ਚਰਨ ਕਮਲ ਦੀ ਤੀਜੀ ਚੌਂਕੀ :** ਇਸ ਚੌਂਕੀ ਵਿਚ ਤੀਜੇ ਪਹਿਰ ਵਿਚ ਗਾਏ ਜਾਣ ਵਾਲੇ ਰਾਗਾਂ ਦਾ ਕੀਰਤਨ ਹੁੰਦਾ ਹੈ ਅਤੇ ਅੰਤ ਵਿਚ "ਚਰਨ ਕਮਲ ਪ੍ਰਭ ਕੇ ਨਿਤ ਧਿਆਵਓ", ਫਿਰ ਆਰਤੀ

ਦਾ ਸ਼ਬਦ 'ਗਗਨ ਮਹਿ ਥਾਲੁ ਰਵਿ ਚੰਦ ਦੀਪਕ ਬਨੇ' ਪੜ੍ਹ ਕੇ ਅੰਤ ਵਿਚ ਅਨੰਦ ਸਾਹਿਬ ਦੀਆਂ ਪੰਜ ਪਉੜੀਆਂ ਦਾ ਗਾਇਨ ਕਰਕੇ ਸਮਾਪਤੀ ਕੀਤੀ ਜਾਂਦੀ ਹੈ।

11. **ਸੋਦਰੁ ਦੀ ਚੌਂਕੀ ਤੋਂ ਪਹਿਲਾਂ** : ਇਸ ਚੌਂਕੀ ਵਿਚ ਦਿਨ ਦੇ ਤੀਜੇ ਪਹਿਰ ਜਿਵੇਂ ਰਾਗ ਜੈਤਸਰੀ, ਤਿਲੰਗ, ਬੈਰਾੜੀ, ਧਨਾਸਰੀ ਆਦਿ ਰਾਗਾਂ ਵਿਚ ਕੀਰਤਨ ਕੀਤਾ ਜਾਂਦਾ ਹੈ।

12. **ਸੋਦਰ ਦੀ ਚੌਂਕੀ** : ਸ਼ਾਮ ਸਮੇਂ ਸੋਦਰੁ ਦੀ ਪਉੜੀ ਗਾਇਨ ਕਰਨ ਤੋਂ ਬਾਅਦ ਪਹਿਲਾ ਕੀਰਤਨੀਏ ਸਿੰਘ ਆਸਾ ਦੀ ਰਾਗਾਂ ਵਿਚ ਇਕ ਸ਼ਬਦ ਦਾ ਗਾਇਨ ਕਰਕੇ ਢੁਕਵਾਂ ਮਹੌਲ ਪ੍ਰਦਾਨ ਕਰਦੇ ਹਨ ਫਿਰ ਆਸਾ ਦੀ ਵਾਰ ਦੇ ਛੰਦ 'ਹਰਿ ਜੁਗ ਜੁਗ ਭਗਤ ਉਪਾਇਆ' ਦਾ ਪੁਰਾਤਨ ਰੀਤ ਅਨੁਸਾਰ ਗਾਇਨ ਕਰਕੇ ਬਾਅਦ ਵਿਚ ਆਸਾ ਦੀ ਵਾਰ ਦੇ 12ਵੇਂ ਸਲੋਕ 'ਦੁਖ ਦਾਰੂ ਸੁਖ ਰੋਗ ਭਇਆ' ਦਾ ਅਲਾਪ ਗਾਇਨ ਕਰਦੇ ਹੋਏ ਸੋਦਰ ਦੀ ਪਉੜੀ "ਸੋਦਰੁ ਤੇਰਾ ਕੇਹਾ ਸੋ ਘਰ ਕੇਹਾ" ਦਾ ਪਉੜੀ ਸ਼ੈਲੀ ਸਰਲ ਤਾਲ 'ਚੋਂ "ਨਾਨਕ ਰਹਣ ਰਜਾਈ" ਤਕ ਸਾਰੀ ਸੰਗਤ ਨਾਲ ਮਿਲ ਕੇ ਗਾਇਨ ਕਰਦੇ ਹੋਏ ਫਤਿਹ ਬੁਲਾ ਕੇ ਸਮਾਪਤੀ ਕਰਦੇ ਹਨ। ਉਪਰੰਤ ਗ੍ਰੰਥੀ ਸਿੰਘ "ਸੁਣ ਵਡਾ ਆਖੇ ਸਭਿ ਕੋਇ" ਤੋਂ ਅੱਗੇ "ਨਾਨਕ ਨਾਮ ਮਿਲੇ ਤਾ ਜੀਵਾ ਤਨ ਮਨ ਥੀਵੇ ਹਰਿਆ" ਤਕ ਰਹਿਰਾਸ ਸੰਪੂਰਨ ਪਾਠ ਕਰਕੇ ਅਰਦਾਸ ਅਤੇ ਸਮਾਪਤੀ ਹੁੰਦੀ ਹੈ।

13. **ਆਰਤੀ ਦੀ ਚੌਂਕੀ** : ਆਰਤੀ ਦੀ ਚੌਂਕੀ ਵਿਚ ਆਰਤੀ ਦੇ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ। ਸਾਰੀ ਸੰਗਤ ਮਿਲ ਕੇ ਆਰਤੀ ਦਾ ਗਾਇਨ ਕਰਦੀ ਹੈ। ਆਰਤੀ ਤੋਂ ਬਾਅਦ ਸੰਖੇਪ ਅਰਦਾਸ ਹੁੰਦੀ ਹੈ। ਦੁਬਾਰਾ ਕੀਰਤਨ ਸ਼ੁਰੂ ਹੁੰਦਾ ਹੈ।

14. **ਕਲਿਆਨ ਦੀ ਚੌਂਕੀ** : ਕਲਿਆਣ ਦੀ ਚੌਂਕੀ ਵਿਚ ਕਲਿਆਣ ਰਾਗ ਵਿਚ ਸ਼ਬਦ ਗਾਇਨ ਕੀਤੇ ਜਾਂਦੇ ਹਨ। ਕਈ ਵਿਦਵਾਨ ਆਰਤੀ ਦੀ ਚੌਂਕੀ ਨੂੰ ਹੀ ਕਲਿਆਣ ਦੀ ਚੌਂਕੀ ਮੰਨਦੇ ਹਨ।

15. **ਸਮਾਪਤੀ ਦੀ ਚੌਂਕੀ** : ਸਵਾ ਪਹਿਰ ਰਾਤ ਗਈ ਰਾਗੀ ਸਿੰਘ ਕਾਨੜੇ ਜਾਂ ਹੋਰ ਸਮੇਂ ਦੇ ਰਾਗਾਂ ਵਿਚ ਕੁਝ ਸਮਾਂ ਕੀਰਤਨ ਕਰਦੇ ਹਨ। ਫਿਰ ਸੋਹਿਲੇ ਦਾ ਪਾਠ ਕੀਤਾ ਜਾਂਦਾ ਫਿਰ ਰਾਗੀ ਸਿੰਘ ਇਕ ਪਉੜੀ 'ਤੂ ਆਪੇ ਹੀ ਸਿਧ ਸਾਧਿਕੋ' ਲਗਾ ਕੇ ਸਮਾਪਤੀ ਕਰਕੇ 'ਪਵਣ ਗੁਰੂ ਪਾਣੀ ਪਿਤਾ' ਸਲੋਕ ਪੜ੍ਹ ਕੇ ਕੀਰਤਨ ਦੀ ਸਮਾਪਤੀ ਹੁੰਦੀ ਹੈ। ਉਪਰੰਤ ਅਰਦਾਸ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸੁਖ ਆਸਨ ਅਸਥਾਨ ਤੇ ਲਿਜਾਇਆ ਜਾਂਦਾ ਹੈ। ਇਹ ਕੀਰਤਨ ਚੌਂਕੀਆਂ ਦੀ ਮਰਿਯਾਦਾ ਅੱਜ ਵੀ ਦਰਬਾਰ ਸਾਹਿਬ ਵਿਖੇ ਗੁਰੂ ਸਾਹਿਬਾਨ ਦੇ ਸਮੇਂ ਤੋਂ ਚਲੀ ਆ ਰਹੀ ਹੈ।

ਇਸ ਤਰ੍ਹਾਂ ਕੀਰਤਨ ਦੀ ਇਕ ਨਵੀਂ ਪ੍ਰੰਪਰਾ ਗੁਰਮਤਿ ਸੰਗੀਤ ਸਾਨੂੰ ਪ੍ਰਾਪਤ ਹੋਈ, ਜੋ ਅੱਜ ਸਿੱਖ ਧਰਮ ਦੀ ਕੀਰਤਨ ਪਰੰਪਰਾ ਵਿਚ ਨਿਵੇਕਲਾ ਸਥਾਨ ਰੱਖਦੀ ਹੈ। ਗੁਰਬਾਣੀ ਕੀਰਤਨੀਆਂ ਦੀ ਇਸ ਕੀਰਤਨ ਪ੍ਰਥਾ ਦੇ ਆਰੰਭ ਤੋਂ ਗਾਇਨ ਦੇ ਨਾਲ-ਨਾਲ ਸਾਜ਼ਾਂ ਨੂੰ ਮਹੱਤਵਪੂਰਨ ਸਥਾਨ ਮਿਲਿਆ ਜਿਸ ਦਾ ਅਧਿਐਨ ਅਸੀਂ ਅਗਲੇ ਅਧਿਆਇ ਵਿਚ ਕੀਤਾ ਹੈ।

## ਅਧਿਆਇ ਚੌਥਾ

# ਗੁਰਮਤਿ ਸੰਗੀਤ : ਤੰਤੀ ਸਾਜ਼

**ਰਬਾਬ :** ਰਬਾਬ ਗੁਰਮਤਿ ਸੰਗੀਤ ਦਾ ਸਭ ਤੋਂ ਪਹਿਲਾ ਅਤੇ ਪ੍ਰਮੁੱਖ ਸਾਜ਼ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਹਰਮਨ ਪਿਆਰਾ ਸਾਜ਼ ਹੈ। ਕਿਉਂਕਿ ਇਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਕਰ-ਕਮਲਾਂ ਦੀ ਛੋਹ ਪ੍ਰਾਪਤ ਹੈ। ਸ਼ਾਇਦ ਇਸੇ ਕਰਕੇ ਇਸ ਦਾ ਰੁਤਬਾ ਬਹੁਤ ਉੱਚਾ ਮੰਨਿਆ ਗਿਆ ਹੈ। ਕਹਿੰਦੇ ਹਨ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਾਥੀ ਭਾਈ ਮਰਦਾਨਾ ਨੂੰ ਇਹ ਸਾਜ਼ ਭੇਟ ਕੀਤਾ ਸੀ ਅਤੇ ਇਸ ਦੀ ਸਿਖਲਾਈ ਲਈ ਉਸ ਨੂੰ ਭਾਈ ਫਿਰੰਦੇ ਪਾਸ ਭੇਜਿਆ ਸੀ। ਜਦੋਂ ਵੀ ਕਿਧਰੇ ਗੁਰੂ ਨਾਨਕ ਦੇਵ ਜੀ ਅੰਤਰ ਧਿਆਨ ਹੋ ਕੇ ਬੈਠਦੇ ਤਾਂ ਝੱਟ ਆਪਣੇ ਸਾਥੀ ਮਰਦਾਨੇ ਨੂੰ ਕਹਿੰਦੇ, 'ਮਰਦਾਨਿਆ, ਰਬਾਬ ਵਜਾ, 'ਧੁਰ ਕੀ ਬਾਣੀ' ਆਈ ਹੈ। ਸੋ ਗੁਰੂ ਨਾਨਕ ਦੇਵ ਜੀ ਦੀ ਜਿਥੇ ਭਾਈ ਮਰਦਾਨੇ ਨਾਲ ਬਹੁਤ ਸਾਂਝ ਸੀ ਤੇ ਭਾਈ ਮਰਦਾਨੇ ਦਾ ਬਹੁਤ ਸਤਿਕਾਰ ਕਰਦੇ ਸਨ, ਉਥੇ ਰਬਾਬ ਉਹਨਾਂ ਦਾ ਅਤਿ ਪਿਆਰਾ ਸਾਜ਼ ਸੀ।

ਕੁਝ ਲੋਕ ਇਸ ਸਾਜ਼ ਨੂੰ ਫ਼ਾਰਸੀ ਸਾਜ਼ ਮੰਨਦੇ ਹਨ, ਪਰ ਕੁਝ ਲੋਕਾਂ ਦਾ ਕਹਿਣਾ ਹੈ ਕਿ ਇਹ ਸਾਜ਼ ਭਾਰਤੀ ਮੂਲ ਦਾ ਹੀ ਸਾਜ਼ ਹੈ ਅਤੇ ਪੁਰਾਣੇ ਸਮਿਆਂ ਵਿਚ ਇਸ ਨੂੰ ਰਾਵਣ ਵੀਣਾ ਕਿਹਾ ਜਾਂਦਾ ਸੀ। ਕੈਪਟਨ ਡੇਅ ਅਨੁਸਾਰ, ਇਹ ਸਾਜ਼ ਪੂਰੀ ਤਰ੍ਹਾਂ ਨਾਲ ਭਾਰਤੀ ਸਾਜ਼ ਹੈ ਅਤੇ ਸ਼ੁਰੂ-ਸ਼ੁਰੂ ਵਿਚ ਇਸ ਦੀ ਵਰਤੋਂ ਕੇਵਲ ਮੁਸਲਮਾਨ ਹੀ ਕਰਦੇ ਸਨ।

ਸ੍ਰੀ ਬੰਧੋਪਾਧਿਆਏ ਅਨੁਸਾਰ, ਰਬਾਬ ਭਾਰਤੀ ਸਾਜ਼ ਨਹੀਂ ਹੈ। ਸਗੋਂ ਇਸ ਦਾ ਜ਼ਿਕਰ ਫ਼ਾਰਸੀ ਗ੍ਰੰਥ ਵਿਚ ਕੀਤਾ ਜਾਂਦਾ ਹੈ, ਇਸ ਲਈ ਇਹ ਵਿਦੇਸ਼ ਤੋਂ ਹੀ ਭਾਰਤ ਆਇਆ ਹੈ। (Musical Instruments of India) ਪ੍ਰੋ. ਤਾਰਾ ਸਿੰਘ ਦੇ ਮਤ ਅਨੁਸਾਰ, ਰਬਾਬ ਦੀ ਰਚਨਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ ਅਤੇ ਉਨ੍ਹਾਂ ਨੇ ਭਾਈ ਮਰਦਾਨੇ ਨੂੰ ਰਬਾਬ ਵਾਦਨ ਦੀ ਸਿੱਖਿਆ ਦਿੱਤੀ। ਉਨ੍ਹਾਂ ਅਨੁਸਾਰ, ਪੁਰਾਤਨ ਇਤਿਹਾਸਕ ਚਿੱਤਰਾਂ ਵਿਚ ਰਬਾਬ ਨਾਲ ਮਿਲਦਾ-ਜੁਲਦਾ ਸਾਜ਼ ਸਾਰੰਗੀ ਦਿਸਦਾ ਹੈ। ਹੋ ਸਕਦਾ ਹੈ ਕਿ ਗੁਰੂ ਜੀ ਨੇ ਉਸੇ ਵਿਚ ਕੁਝ ਤਬਦੀਲੀ ਕਰਕੇ ਰਬਾਬ ਸਾਜ਼ ਦੀ ਰਚਨਾ ਕੀਤੀ ਹੋਵੇ। ਬੇਸ਼ਕ ਵਿਦੇਸ਼ੀ ਹਮਲਿਆਂ ਦੇ ਸਿੱਟੇ ਕਰਕੇ ਇਹ ਸਾਜ਼ ਅਲੋਪ ਹੁੰਦਾ ਜਾ ਰਿਹਾ ਹੈ, ਪਰ ਇਸ ਦੇ ਬਾਵਜੂਦ ਅੱਜ ਵੀ ਰਬਾਬੀ ਰਾਗੀਆਂ ਵਿਚ ਅਤੇ ਕੁਝ ਆਧੁਨਿਕ ਕੀਰਤਨੀਆਂ ਵਿਚ ਇਸ ਦਾ ਬਹੁਤ ਪ੍ਰਚਲਨ ਹੈ।

ਡਾ. ਲਾਲ ਮਣੀ ਮਿਸਰ ਦੇ ਅਨੁਸਾਰ, ਰਬਾਬ ਵਿਚ ਮੁੱਖ ਰੂਪ ਵਿਚ ਚਾਰ ਤਾਰਾਂ ਹੁੰਦੀਆਂ ਹਨ ਅਤੇ ਇਕ ਤਾਰ ਲੋਹੇ ਦੀ ਹੁੰਦੀ ਹੈ। ਇਸ ਲੋਹੇ ਦੀ ਤਾਰ ਦੀ ਵਰਤੋਂ ਕੇਵਲ ਵਿਕਾਰੀ ਰੂਪ ਵਿਚ ਹੀ

ਕੀਤੀ ਜਾਂਦੀ ਹੈ ਅਤੇ ਇਸ ਦਾ ਤੂੰਬਾ ਆਮ ਤੌਰ ਤੇ ਗੋਲ ਜਾਂ ਚਤੁਰਭੁਜ ਆਕਾਰ ਦਾ ਹੁੰਦਾ ਹੈ।

ਆਪਣੀ ਪੁਸਤਕ 'ਸਭ ਤੇ ਵਡਾ ਸਤਿਗੁਰੂ ਨਾਨਕ' ਵਿਚ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਰਬਾਬ ਦੀਆਂ 6 ਤਾਰਾਂ ਹੁੰਦੀਆਂ ਹਨ। ਇਸ ਦੇ ਅੰਦਰ ਪਰਦੇ ਨਾ ਹੋਣ ਕਰਕੇ ਇਸ ਨੂੰ ਅਨਿਬੱਧ ਵੀਣਾ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

ਇਹ ਸਾਜ਼ ਲੱਕੜੀ ਜਾਂ ਧਾਤ ਦੇ ਟੁਕੜੇ ਨਾਲ ਵਜਾਇਆ ਜਾਂਦਾ ਹੈ। ਕੁਝ ਵਿਦਵਾਨਾਂ ਦੇ ਅਨੁਸਾਰ ਇਹ ਸਰੋਦ ਸਾਜ਼ ਦਾ ਹੀ ਸੁਧਰਿਆ ਹੋਇਆ ਰੂਪ ਹੈ। ਸੁਰਾਂ ਦੀ ਉਤਪਤੀ ਲਈ ਇਸ ਨੂੰ ਤਾਰਾਂ ਤੇ ਉਂਗਲੀ ਰੱਖ ਕੇ ਜਾਂ ਘਸੀਟ ਕੇ ਵਜਾਇਆ ਜਾਂਦਾ ਹੈ। ਇਸ 'ਚ ਸਿਤਾਰ ਵਾਦਨ ਸ਼ੈਲੀ ਦੇ ਵਿਲਵੰਤ, ਦਰੁਤ ਗਤ ਸ਼ੈਲੀ ਅਤੇ ਝਾਲਾ ਆਦਿ ਵਜਾਇਆ ਜਾਂਦਾ ਹੈ। ਗਮਕ, ਮੁਰਕੀ, ਜ਼ਮਜ਼ਮਾ, ਮੀਂਡ, ਘਸੀਟ ਆਦਿ ਅਲੰਕਰਣ ਕਿਰਿਆਵਾਂ ਵੀ ਇਸ ਵਿਚ ਦਿਖਾਈਆਂ ਜਾ ਸਕਦੀਆਂ ਹਨ।

**ਸਾਰੰਦਾ :** ਇਹ ਪੰਜਾਬ ਦਾ ਇਕ ਲੋਕ-ਸਾਜ਼ ਹੈ। ਇਸ ਨੂੰ ਸੁਰਿੰਦਾ ਜਾਂ ਸਾਰੰਦਾ ਵੀ ਕਿਹਾ ਜਾਂਦਾ ਹੈ। ਪੁਰਾਣੇ ਸਮੇਂ ਵਿਚ ਇਸ ਨੂੰ ਸਾਰੰਗੀ ਰੂਪ ਵਿਚ ਜਾਣਿਆ ਜਾਂਦਾ ਸੀ ਅਤੇ ਇਸ ਦੀ ਵਰਤੋਂ ਕੇਵਲ ਵੇਸਵਾਵਾਂ ਦੇ ਕੋਠਿਆਂ ਤੇ ਹੀ ਹੁੰਦੀ ਸੀ, ਇਸ ਲਈ ਆਮ ਸਮਾਜ 'ਚ ਇਸ ਨੂੰ ਨਫ਼ਰਤ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ। ਪਰ ਹੌਲੀ-ਹੌਲੀ ਇਸ 'ਚ ਥੋੜੀ ਜਿਹੀ ਤਬਦੀਲੀ ਕਰਕੇ ਇਸ ਨੂੰ ਸਾਰੰਦਾ ਦਾ ਨਾਂ ਦੇ ਦਿੱਤਾ ਗਿਆ ਅਤੇ ਸਮਾਜ 'ਚ ਇਸ ਨੂੰ ਮਾਣ ਵਾਲਾ ਰੁਤਬਾ ਮਿਲ ਗਿਆ। ਭਾਈ ਕਾਨ੍ਹ ਸਿੰਘ ਜੀ ਅਨੁਸਾਰ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਦਾ ਰੂਪ ਬਦਲ ਕੇ ਸਿੱਖ ਰਾਗੀਆਂ ਨੂੰ ਦਿੱਤਾ ਤੇ ਉਨ੍ਹਾਂ ਨੂੰ ਇਸ ਦਾ ਪ੍ਰਯੋਗ ਕਰਨ ਦੀ ਜਾਚ ਸਿਖਾਈ। ਕੈਪਟਨ ਡੇਅ ਅਨੁਸਾਰ, ਇਹ ਸਾਜ਼ ਹੇਠਲੀ ਪੱਧਰ ਦੇ ਲੋਕਾਂ ਦਾ ਸਾਜ਼ ਹੈ। ਐਫ.ਆਰ. ਬੇਗਮ ਅਤੇ ਸਾਦਿਕ ਅਲੀ ਅਨੁਸਾਰ, ਇਸ ਦੀ ਕਾਢ ਸ੍ਰੀ ਗੁਰੂ ਅਮਰਦਾਸ ਜੀ ਨੇ ਕੀਤੀ। ਇਸ ਤੋਂ ਇਲਾਵਾ ਪ੍ਰੋ. ਤਾਰਾ ਸਿੰਘ, ਕੇ. ਐਸ. ਗੋਸਲ, ਗੀਤਾ ਪੈਂਤਲ, ਡਾ. ਐਸ. ਨਰੂਲਾ ਵੀ ਇਸ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਖੋਜੀ ਕਾਢ ਹੀ ਦੱਸਦੇ ਹਨ। ਇਨ੍ਹਾਂ ਅਨੁਸਾਰ ਚੌਥੇ ਗੁਰੂ ਅਤੇ ਪੰਚਮ ਗੁਰੂ ਦੇ ਦਰਬਾਰ ਵਿਚ ਕੀਰਤਨ ਸਮੇਂ ਸਾਰੰਦੇ ਦੀ ਵਰਤੋਂ ਹੁੰਦੀ ਸੀ। ਇਸ ਲਈ ਇਹ ਠੀਕ ਲਗਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਹੀ ਇਸ ਸਾਜ਼ ਨੂੰ ਈਜ਼ਾਦ ਕੀਤਾ ਸੀ ਪਰ ਗੁਰੂ ਅਰਜਨ ਦੇਵ ਜੀ ਨੇ ਇਸ 'ਚ ਹੋਰ ਸੁਧਾਰ ਕਰਕੇ ਇਸ ਵਾਦਨ ਦੀ ਸ਼ੈਲੀ ਨੂੰ ਹੋਰ ਉੱਚਾ ਬਣਾ ਦਿੱਤਾ ਹੋਵੇਗਾ। ਗੁਰ ਅਰਜਨ ਦੇਵ ਜੀ ਖੁਦ ਇਕ ਵਧੀਆ ਸਾਰੰਦਾ ਵਾਦਕ ਸਨ ਅਤੇ ਉਨ੍ਹਾਂ ਵੱਲੋਂ ਵਰਤਿਆ ਸਾਰੰਦਾ ਅੱਜ ਵੀ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦੇ ਅਜਾਇਬ ਘਰ 'ਚ ਸੁਸ਼ੋਭਿਤ ਹੈ, ਅਤੇ ਸੁਰੱਖਿਅਤ ਪਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਰੰਦਾ ਵੀ ਹਿਮਾਚਲ ਦੇ ਮੰਡੀ ਗੁਰਦੁਆਰੇ ਵਿਚ ਅਜੇ ਤਕ ਸੁਰੱਖਿਅਤ ਪਿਆ ਹੈ।

ਇਹ ਉੱਤਮ ਸੁਰ ਦੇਣ ਵਾਲਾ ਤਾਰਾਂ ਵਾਲਾ ਸਾਜ਼ ਹੈ। ਜੋ ਗੱਜ ਨਾਲ ਵਜਾਇਆ ਜਾਂਦਾ ਹੈ। ਇਸ ਵਿਚ ਮੁੱਖ ਤਿੰਨ ਤਾਰਾਂ ਹੁੰਦੀਆਂ ਹਨ - ਦੋ ਲੋਹੇ ਦੀਆਂ ਅਤੇ ਇਕ ਧਾਗੇ ਦੀ ਤਾਰ ਹੁੰਦੀ ਹੈ। ਇਨ੍ਹਾਂ ਵਿਚ ਸ਼ੜਜ ਪੰਚਮ ਭਾਵ ਵਿਚ ਮਿਲਾਇਆ ਜਾਂਦਾ ਹੈ। ਇਸ 'ਚ ਤਰਬ ਦੇ 10 ਤਾਰ ਹੁੰਦੇ ਹਨ ਜਿਨ੍ਹਾਂ ਨੂੰ ਰਾਗ ਦੀਆਂ ਸੁਰਾਂ ਦੇ ਅਨੁਸਾਰ ਕ੍ਰਮ ਨਾਲ ਸਾ, ਰੇ, ਗ, ਮ, ਪ, ਧ, ਨੀ ਆਦਿ ਸੁਰਾਂ ਨਾਲ ਮਿਲਾਇਆ ਜਾਂਦਾ ਹੈ। ਖੱਬੇ ਹੱਥ ਦੀ ਪਹਿਲੀ ਉਂਗਲੀ ਨਾਲ ਤਾਰ ਨੂੰ ਬਿਨਾਂ ਦਬਾਏ ਨਹੁੰ ਦੀ ਮਦਦ ਨਾਲ ਸੁਰਾਂ ਦੀ ਉਤਪਤੀ ਕੀਤੀ ਜਾਂਦੀ ਹੈ।

**ਦਿਲਰੁਬਾ :** ਇਹ ਆਧੁਨਿਕ ਸ਼ਾਸਤਰੀ ਸੰਗੀਤ ਦਾ ਸਾਜ਼ ਹੈ। ਇਹ ਨਿਬੰਧ ਵੀਣਾ ਦੀ ਸ਼੍ਰੇਣੀ 'ਚ ਆਉਂਦੀ ਹੈ। ਇਸ ਦੀ ਡਾਂਡ, ਪਰਦੇ, ਲਗਭਗ ਸਿਤਾਰ ਦੀ ਤਰ੍ਹਾਂ ਹੀ ਹੁੰਦੀ ਹੈ। ਇਸ ਦਾ ਆਕਾਰ ਸਾਰੰਗੀ ਨਾਲ ਮਿਲਦਾ-ਜੁਲਦਾ ਹੈ। ਇਹ ਗਜ਼ ਨਾਲ ਵਜਾਇਆ ਜਾਂਦਾ ਹੈ।

ਦਿਲਰੁਬਾ ਫ਼ਾਰਸੀ ਸ਼ਬਦ ਹੈ, ਜਿਸ ਦਾ ਅਰਥ ਹੈ ਦਿਲ ਨੂੰ ਖਿੱਚਣ ਵਾਲਾ। ਕੁਝ ਲੋਕ ਇਸ ਨੂੰ ਭਾਰਤੀ ਸਾਜ਼ ਮੰਨਦੇ ਹਨ ਅਤੇ ਇਸ ਦੀ ਉਤਪਤੀ ਵੀਣਾ ਦੇ ਆਧਾਰ ਤੇ ਮੰਨਦੇ ਹਨ, ਅਤੇ ਕੁਝ ਇਸ ਨੂੰ ਮੁਸਲਿਮ ਸਾਜ਼ ਮੰਨਦੇ ਹਨ। ਅਸਲ ਵਿਚ ਵਿਦੇਸ਼ੀ ਸੰਗੀਤ ਤੋਂ ਪ੍ਰਭਾਵਿਤ ਭਾਰਤੀ ਸੰਗੀਤ ਵਿਚ ਵਿਦੇਸ਼ੀ ਜਾਂ ਭਾਰਤੀ ਸਾਜ਼ ਹੋਣ ਵਿਚ ਮਤਭੇਦ ਪੈਦਾ ਹੋ ਗਏ ਹਨ। ਕੁਝ ਵੀ ਹੋਵੇ ਇਹ ਸਿਤਾਰ ਅਤੇ ਸਾਰੰਗੀ ਦਾ ਮਿਲਿਆ-ਜੁਲਿਆ ਰੂਪ ਹੈ।

ਇਸ ਵਿਚ ਮੁੱਖ ਚਾਰ ਤਾਰ ਹੁੰਦੇ ਹਨ। ਪਹਿਲਾ ਬਾਜ਼ ਦਾ ਤਾਰ 'ਦਾ' ਮੰਦ੍ਰ ਸਪਤਕ ਦੇ ਰਾਹੀਂ ਸੁਰ ਨਾਲ ਮਿਲਾਇਆ ਜਾਂਦਾ ਹੈ। ਦੂਜਾ ਤਾਰ ਮੰਦ੍ਰ ਸ਼ਤਜ ਨਾਲ, ਤੀਜਾ ਮੰਦ੍ਰ ਪ ਨਾਲ ਅਤੇ ਚੌਥਾ ਤਾਰ ਮੰਦ੍ਰ ਸਾ ਨਾਲ ਮਿਲਾਇਆ ਜਾਂਦਾ ਹੈ। ਦਿਲਰੁਬਾ ਵਿਚ ਤਰਬ ਦੇ ਤਾਰ ਘੱਟੋ-ਘੱਟ 14, ਅਤੇ ਵੱਧ ਤੋਂ ਵੱਧ 22 ਲਗਾਏ ਜਾਂਦੇ ਹਨ। ਦੋਹਾਂ ਤਰਫਾਂ ਦੇ ਤਾਰਾਂ ਨੂੰ ਮੰਦ੍ਰ ਸਪਤਕ ਦੇ ਪੰਚਮ ਨਾਲ ਮਿਲਾਇਆ ਜਾਂਦਾ ਹੈ ਅਤੇ ਦੂਜੇ ਤਾਰ ਰਾਗ ਦੇ ਤੀਬਰ ਕੋਮਲ ਸਵਰਾਂ ਅਨੁਸਾਰ ਮਿਲਾਏ ਜਾਂਦੇ ਹਨ।

ਦਿਲਰੁਬਾ ਵਿਚ ਪਰਦਿਆਂ ਦੀ ਗਿਣਤੀ ਘੱਟੋ-ਘੱਟ 16 ਅਤੇ ਵੱਧ ਤੋਂ ਵੱਧ 19 ਹੁੰਦੀ ਹੈ। ਰਾਗ ਅਨੁਕੂਲ ਥਾਟ ਰਚਨਾ ਲਈ ਪਰਦਿਆਂ ਨੂੰ ਉੱਪਰ ਹੇਠਾਂ ਖਿਸਕਾ ਲਿਆ ਜਾਂਦਾ ਹੈ। ਤੂੰਬਾ, ਕੀਲ, ਖੂੰਟੀਆਂ, ਡਾਂਡ, ਘੋੜੀ, ਅੰਟੀ, ਤਾਰ, ਗਾਨ, ਤਾਰ, ਪਰਦੇ, ਗਜ ਅਤੇ ਬਾਲ ਦਿਲਰੁਬਾ ਦੇ ਮੁੱਖ ਅੰਗ ਹਨ।

ਮਹੰਤ ਗੱਜਾ ਸਿੰਘ, ਭਾਈ ਬਾਤਨ ਸਿੰਘ, ਭਾਈ ਕਾਹਨ ਸਿੰਘ, ਸ੍ਰੀ ਗੁਰਨਾਮ ਸਿੰਘ ਜੀ ਦਾ ਨਾਂ ਦਿਲਰੁਬਾ ਵਾਦਕ ਵਿਚ ਖਾਸ ਤੌਰ ਤੇ ਪ੍ਰਸਿੱਧ ਹੈ। ਗੁਰਮਤਿ ਸੰਗੀਤ ਵਿਚ ਇਸ ਸਾਜ਼ ਨੂੰ ਸੰਗਤ ਲਈ ਵਰਤਿਆ ਜਾਂਦਾ ਹੈ। ਇਸ ਵਿਚ ਗਤ ਵਾਦਨ ਸ਼ੈਲੀ ਨੂੰ ਹੀ ਅਪਣਾਇਆ ਜਾਂਦਾ ਹੈ ਅਤੇ ਪ੍ਰਮੁੱਖ ਵਾਦਨ ਕਿਰਿਆਵਾਂ ਮੀਂਡ, ਗਮਕ, ਮੁਰਕੀ ਵੀ ਵਿਖਾਈ ਜਾਂਦੀ ਹੈ।

**ਤਾਊਸ :** ਇਹ ਮੋਰ ਦੀ ਸ਼ਕਲ ਦਾ ਸਾਜ਼ ਗਜ਼ ਦੀ ਮਦਦ ਨਾਲ ਵਜਾਇਆ ਜਾਂਦਾ ਹੈ। ਇਸ ਨੂੰ ਇਸਰਾਜ਼ ਵੀ ਆਖਿਆ ਜਾਂਦਾ ਹੈ। ਗੁਰਮਤਿ ਸੰਗੀਤ ਵਿਚ ਇਸ ਸਾਜ਼ ਦਾ ਪ੍ਰਯੋਗ ਉੱਘੇ ਕੀਰਤਨੀਆਂ ਵੱਲੋਂ ਅੱਜ ਵੀ ਕੀਤਾ ਜਾਂਦਾ ਹੈ। ਇਹ ਇਸਰਾਜ਼ ਵਰਗਾ ਸਾਜ਼ ਹੈ। ਫ਼ਰਕ ਕੇਵਲ ਇਹ ਹੈ ਕਿ ਲੱਕੜੀ ਦਾ ਹਿੱਸਾ ਖੋਖਲਾ ਹੁੰਦਾ ਹੈ, ਉਹ ਮੋਰ ਦੀ ਸ਼ਕਲ ਦਾ ਹੁੰਦਾ ਹੈ। ਉਸ ਉਤੇ ਚਮੜਾ ਮੜਿਆ ਹੁੰਦਾ ਹੈ। ਇਸ ਦੀ ਬਣਤਰ ਦਿਲਰੁਬਾ ਸਾਜ਼ ਵਰਗੀ ਹੁੰਦੀ ਹੈ। ਅਰਥਾਤ ਗਤ ਵਾਦਨ ਅਤੇ ਵਾਦਨ ਦੀਆਂ ਕਿਰਿਆਵਾਂ ਇਸ ਤੇ ਵੀ ਵਿਖਾਈਆਂ ਜਾਂਦੀਆਂ ਹਨ। ਕਿਹਾ ਜਾਂਦਾ ਹੈ ਕਿ ਇਸ ਦੀ ਰਚਨਾ ਪਟਿਆਲਾ ਦਰਬਾਰ ਦੇ ਰਾਗੀ ਕਾਨ੍ਹ ਸਿੰਘ ਨੇ ਕੀਤੀ ਸੀ। ਸ੍ਰੀ ਦਲੀਪ ਚੰਦਰ ਬੇਦੀ ਅਨੁਸਾਰ, ਮਹੰਤ ਗੱਜਾ ਸਿੰਘ ਜੀ, ਜੋ ਕਿ ਗੁਰਬਾਣੀ ਸੰਗੀਤ ਪਰੰਪਰਾ ਦੇ ਉੱਘੇ ਕਲਾਕਾਰ ਹੋਏ ਹਨ, ਵੀ ਤਾਊਸ ਵਾਦਨ ਵਿਚ ਬਹੁਤ ਨਿਪੁੰਨ ਸਨ। ਉਨ੍ਹਾਂ ਨੇ ਮਹਾਰਾਜਾ ਪਟਿਆਲਾ ਨੂੰ ਵੀ ਇਸ ਸਾਜ਼ ਦੀ ਸਿੱਖਿਆ ਦਿੱਤੀ ਸੀ।

ਖੱਬੇ ਹੱਥ ਦੀ ਪਹਿਲੀ, ਦੂਜੀ ਅਤੇ ਕਦੇ ਤੀਸਰੀ ਉਂਗਲੀ ਦੀ ਵਰਤੋਂ ਨਾਲ ਮਿੱਥੇ ਹੋਏ

ਪਰਦਿਆਂ ਤੇ ਉਂਗਲੀ ਦਬਾ ਕੇ ਵੱਖ-ਵੱਖ ਸੁਰਾਂ ਨੂੰ ਉਤਪੰਨ ਕੀਤਾ ਜਾਂਦਾ ਹੈ। ਕਈ ਵਾਰੀ ਇਕ ਹੀ ਗਜ਼ ਦੀ ਰਗੜ ਨਾਲ ਕਈ ਸੁਰ ਸਮੂਹਾਂ ਨੂੰ ਪੈਦਾ ਕੀਤਾ ਜਾਂਦਾ ਹੈ। ਇਕ ਖਾਸ ਕੁਸ਼ਲ ਅਭਿਆਸ ਨਾਲ ਸੁਰਾਂ 'ਚ ਵਧੇਰੇ ਸੁੰਦਰਤਾ ਲਿਆਂਦੀ ਜਾ ਸਕਦੀ ਹੈ।

ਇਸ ਤਰ੍ਹਾਂ ਗੁਰਮਤਿ ਸੰਗੀਤ ਦੇ ਪ੍ਰਬੰਧ ਦੇ ਅੰਤਰਗਤ ਗੁਰਮਤਿ ਸੰਗੀਤ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਜਿਸ ਵਿਚ ਸਮੁੱਚੀ ਬਾਣੀ ਦਾ ਸੰਕਲਨ ਗੁਰੂ ਅਰਜਨ ਦੇਵ ਜੀ ਨੇ ਰਾਗਾਂ ਅਨੁਸਾਰ ਕੀਤਾ। ਅਸੀਂ ਇਸ ਗੁਰਮਤਿ ਸੰਗੀਤ ਪ੍ਰਬੰਧ ਦੇ ਅਧੀਨ ਰਾਗ, ਗਾਇਨ ਰੂਪ, ਗਾਇਨ ਸ਼ੈਲੀਆਂ, ਕੀਰਤਨ ਚੌਂਕੀਆਂ ਅਤੇ ਗੁਰੂ ਘਰ ਵਿਚ ਕੀਰਤਨ ਨਾਲ ਪ੍ਰਯੋਗ ਹੋਣ ਵਾਲੇ ਸਾਜ਼ਾਂ ਦਾ ਜ਼ਿਕਰ ਅਗਲੇ ਅਧਿਆਇ ਵਿਚ ਕਰਾਂਗੇ। ਕਿਉਂਕਿ ਜਿਥੇ ਗੁਰੂ ਸਾਹਿਬ ਨੇ ਬਾਣੀ ਵਿਚ ਰਾਗ ਨੂੰ ਮਹੱਤਤਾ ਦਿੱਤੀ ਹੈ ਉਥੇ ਸਾਜ਼ਾਂ ਦਾ ਵੀ ਬਾਣੀ ਵਿਚ ਹਵਾਲਾ ਮਿਲਦਾ ਹੈ। ਗੁਰਮਤਿ ਸੰਗੀਤ ਪ੍ਰਬੰਧ ਦੇ ਅੰਤਰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਅਤੇ ਭੱਟਾਂ ਦੀ ਬਾਣੀ ਤੋਂ ਇਲਾਵਾ 15 ਭਗਤਾਂ ਦੀ ਬਾਣੀ ਦਰਜ ਹੈ। ਇਸ ਬਾਣੀ ਦੇ ਗਾਇਨ ਲਈ ਅਨੇਕਾਂ ਆਦੇਸ਼ ਅਤੇ ਸੰਕੇਤ ਬਾਣੀ ਵਿਚ ਦਰਜ ਹਨ, ਜਿਵੇਂ :

ਗੁਰਬਾਣੀ ਗਾਵਹੁ ਭਾਈ॥
ਓਹ ਸਫਲ ਸਦਾ ਸੁਖਦਾਈ॥

ਗੁਰਬਾਣੀ ਨੂੰ ਗਾਇਨ ਦੇ ਆਦੇਸ਼ ਨਾਲ ਹੀ ਗੁਰੂ ਸਾਹਿਬ ਨੇ ਇਸ ਬਾਣੀ ਨੂੰ ਧੁਰੋਂ ਆਈ ਕਿਹਾ।

ਧੁਰ ਕੀ ਬਾਣੀ ਆਈ।
ਤਿਨਿ ਸਗਲੀ ਚਿੰਤ ਮਿਟਾਈ॥

ਗੁਰੂ ਅਮਰਦਾਸ ਜੀ ਨੇ ਇਸ ਬਾਣੀ ਨੂੰ ਸੱਚੀ ਬਾਣੀ ਗਾਇਨ ਕਰਦੇ ਹੋਏ ਫੁਰਮਾਨ ਕੀਤਾ:

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥

ਇਸ ਤੋਂ ਸਾਨੂੰ ਪਤਾ ਲਗਦਾ ਹੈ ਕਿ ਗੁਰਮਤਿ ਸੰਗੀਤ ਦੀ ਕੀਰਤਨ ਪਰੰਪਰਾ ਦੀ ਰੀਤ ਗੁਰੂ ਨਾਨਕ ਦੇਵ ਜੀ ਨੇ ਚਲਾਈ ਅਤੇ ਸਾਰੇ ਗੁਰੂ ਸਾਹਿਬਾਨ ਨੇ ਇਸ ਨੂੰ ਪ੍ਰਚਾਰਨ ਵਿਚ ਵੱਡਾ ਯੋਗਦਾਨ ਪਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਕੀਰਤਨ ਦੀ ਇਹ ਪ੍ਰਥਾ ਵਿਧੀਵਤ ਰੂਪ ਵਿਚ ਸ਼ੁਰੂ ਹੋ ਗਈ ਸੀ ਜਿਸ ਵਿਚ ਗੁਰੂ ਸਾਹਿਬਾਨ ਦਾ ਬੜਾ ਵੱਡਾ ਯੋਗਦਾਨ ਰਿਹਾ।

ਉਪਰੋਕਤ ਸਾਰੀ ਵਿਚਾਰ ਚਰਚਾ ਤੋਂ ਇਹ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਨਾ ਸਿਰਫ ਬਾਣੀ ਦੀ ਰਚਨਾ ਹੀ ਕੀਤੀ ਸਗੋਂ ਬਾਣੀ ਰਾਗਾਂ ਅਨੁਸਾਰ ਰਚ ਕੇ ਇਸ ਨੂੰ ਗਾਇਨ ਹਿਤ ਕਿਰਿਆਤਮਕ ਤੌਰ ਤੇ ਪ੍ਰਫੁਲਿਤ ਵੀ ਕੀਤਾ। ਇਸ ਪੁਸਤਕ ਵਿਚ ਹੁਣ ਅਸੀਂ ਗੁਰੂ ਗ੍ਰੰਥ ਸਾਹਿਬ ਵਿਚਲੇ 31 ਰਾਗਾਂ ਦੇ ਸਰੂਪ ਅਤੇ 31 ਰਾਗ ਵਿਚ ਦੀਆਂ ਸ਼ਬਦ ਗਾਇਕੀ ਦੀਆਂ ਬੰਦਿਸ਼ਾਂ ਗੁਰਮਤਿ ਸੰਗੀਤ ਦੀ ਪਰੰਪਰਾ ਅਨੁਸਾਰ ਸਵਰ ਲਿੱਪੀ ਬੱਧ ਕਰਕੇ ਦੇ ਰਹੇ ਹਾਂ ਅਤੇ ਅਧਿਆਇ ਛੇਵੇਂ ਵਿਚ ਅਸੀਂ ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਵਿਚ ਕੁਝ ਪ੍ਰਚਲਿਤ ਤਾਲਾਂ ਦਾ ਵੇਰਵਾ ਦਿੱਤਾ ਹੈ। ਉਮੀਦ ਹੈ ਮੇਰੀ ਇਸ ਨਿਮਾਣੀ ਜਿਹੀ ਕੋਸ਼ਿਸ਼ ਦਾ ਵਿਦਿਆਰਥੀ ਲਾਭ ਉਠਾਉਣਗੇ।

### ਅਧਿਆਇ ਪੰਜਵਾਂ

# ਗੁਰਮਤਿ ਸੰਗੀਤ : ਸੁਰਲਿਪੀ ਕਾਰਜ

## 1. ਰਾਗੁ ਸਿਰੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗ ਤਰਤੀਬ ਅਨੁਸਾਰ ਸਿਰੀ ਰਾਗ ਨੂੰ ਪਹਿਲਾ ਸਥਾਨ ਪ੍ਰਾਪਤ ਹੋਇਆ ਹੈ। ਇਸ ਰਾਗ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ। ਇਸੇ ਰਾਗ ਸੰਬੰਧੀ ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ, 'ਰਾਗਾਂ ਵਿਚ ਸਿਰੀ ਰਾਗ ਹੈ ਜੇ ਸਚਿ ਧਰੇ ਪਿਆਰ'।[1]

ਭਾਈ ਗੁਰਦਾਸ ਜੀ ਨੇ ਇਸ ਰਾਗ ਨੂੰ ਸਰਵੋਤਮ ਮੰਨਦਿਆਂ ਫੁਰਮਾਇਆ ਹੈ, 'ਰਾਗਨ ਮੇਂ ਸਿਰੀ ਰਾਗੁ ਪਾਰਸ ਬਖਾਨੁ ਹੈ'।[2]

ਗੁਰਮਤਿ ਸੰਗੀਤ ਪਰੰਪਰਾ ਤੋਂ ਇਲਾਵਾ ਰਾਗ ਰਾਗਣੀ ਪਰੰਪਰਾ ਦੇ ਪ੍ਰਥਮ ਸ਼ਿਵ ਮਤ ਵਿਚ ਵੀ ਸਿਰੀ ਰਾਗ ਨੂੰ ਪ੍ਰਮੁੱਖ ਪੁਰਸ਼ ਰਾਗ ਮੰਨਿਆ ਗਿਆ ਹੈ। ਮਿਥਿਹਾਸਕ ਧਾਰਨਾਵਾਂ ਦੇ ਆਧਾਰ ਤੇ ਸਿਰੀ ਰਾਗ ਦੀ ਉਤਪਤੀ ਸ਼ਿਵ ਜੀ ਤੋਂ ਮੰਨੀ ਗਈ ਹੈ।

ਵਰਤਮਾਨ ਸਮੇਂ ਸਿਰੀ ਰਾਗ ਦੇ ਦੋ ਸਰੂਪ ਪ੍ਰਚਾਰ ਵਿਚ ਹਨ। ਪਹਿਲਾ ਸਰੂਪ 'ਕਾਫੀ ਥਾਟ' ਅਤੇ ਦੂਸਰਾ ਸਰੂਪ 'ਪੂਰਬੀ ਥਾਟ' ਦੇ ਅੰਤਰਗਤ ਆਉਂਦਾ ਹੈ। ਗੁਰਮਤਿ ਸੰਗੀਤ ਦੇ ਵਿਦਵਾਨਾਂ ਅਨੁਸਾਰ ਪ੍ਰਮਾਣਿਤ ਸਰੂਪ ਨਿਮਨਲਿਖਤ ਹੈ :

| | |
|---|---|
| ਥਾਟ | ਪੂਰਵੀ |
| ਜਾਤੀ | ਔੜਵ-ਸੰਪੂਰਨ |
| ਵਾਦੀ | ਰਿਸ਼ਭ |
| ਸੰਵਾਦੀ | ਪੰਚਮ |
| ਸਮਾਂ | ਸੰਧੀ ਪ੍ਰਕਾਸ਼ (ਸ਼ਾਮ ਦਾ ਸਮਾਂ) |
| ਸੁਰ | ਆਰੋਹ ਵਿਚ ਗੰਧਾਰ ਤੇ ਧੈਵਤ ਵਰਜਿਤ, ਰਿਸ਼ਭ ਕੋਮਲ ਮਧਿਅਮ ਤੀਵਰ |
| ਆਰੋਹ | ਸਾ ਰੇ̱, ਮ' ਪ, ਨੀ ਸਾਂ |
| ਅਵਰੋਹ | ਸਾਂ ਨੀ ਧ̱ ਪ, ਮ' ਗ ਰੇ̱, ਸਾ |
| ਮੁੱਖ ਅੰਗ | ਸਾ, ਸਾਰੇ̱, ਸਾਰੇ̱, ਸਾ ਰੇ̱, ਪ, ਪ, ਮ' ਗ, ਸਾਰੇ̱, ਸਾ |

**ਸੁਰ ਵਿਸਥਾਰ :** ਸਾ, ਸਾ ਰੇ̱ ਰੇ̱ ਸਾ, ਸਾ ਰੇ̱ ਨ਼ੀ ਧ਼̱ ਪ਼, ਮ਼' ਪ਼ ਨ਼ੀ ਧ਼̱ ਪ਼, ਧ਼̱ ਪ਼ ਮ਼' ਪ਼ ਨ਼ੀ ਸਾ, ਨ਼ੀ ਸਾ ਰੇ̱ ਰੇ̱ ਸਾ, ਸਾ, ਨ਼ੀ ਨ਼ੀ ਧ਼̱ ਪ਼, ਮ਼' ਪ਼ ਨ਼ੀ ਨ਼ੀ ਸਾ ਰੇ̱ ਸਾ, ਨ਼ੀ ਸਾ ਗ ਰੇ̱ ਸਾ, ਨ਼ੀ ਰੇ̱ ਗ ਰੇ̱, ਮ' ਗ ਰੇ̱ ਰੇ ਸਾ, ਰੇ̱ ਪ, ਪ ਮ' ਮ' ਗ ਰੇ̱, ਸਾ ਰੇ̱, ਨ਼ੀ ਸਾ, ਨ਼ੀ ਸਾ ਰੇ̱, ਰੇ ਮ' ਪ, ਪ ਮ' ਗ ਰੇ̱, ਗ ਰੇ̱ ਰੇ̱ ਸਾ, ਰੇ̱ ਪ ਮ' ਪ, ਮ' ਪ ਧ̱ ਧ̱ ਪ, ਧ̱ ਪ ਮ' ਪ ਮ' ਗ ਰੇ̱, ਰੇ̱ ਸਾ, ਸਾਂ ਨੀ ਧ̱ ਪ, ਨੀ ਨੀ ਧ̱ ਪ, ਧ̱ ਪ, ਮ' ਪ ਨੀ ਸਾਂ, ਰੇ̱ਂ ਰੇ̱ਂ ਸਾਂ, ਰੇ̱ਂ, ਮ'ਂ ਗਂ ਰੇ̱ਂ ਸਾਂ, ਗਂ ਰੇ̱ਂ ਸਾਂ ਰੇ̱ਂ ਨੀ ਸਾਂ ਰੇ̱ਂ ਰੇ̱ਂ ਸਾਂ, ਸਾਂ ਰੇ̱ਂ ਮ' ਗਂ ਰੇ̱ਂ, ਸਾਂ, ਨੀ ਧ̱ ਪ ਨੀ ਸਾ ਰੇਂ ਪਂ ਮ'ਂ ਗਂ ਰੇ̱ਂ ਸਾਂ, ਰੇ̱ਂ ਰੇ̱ਂ ਨੀ ਨੀ ਧ̱ ਪ, ਧ̱ ਪ ਧ̱ ਮ' ਪ ਮ' ਗ ਰੇ̱, ਰੇ̱ ਪ ਮ' ਪ, ਮ' ਗ ਰੇ̱, ਗ

ਰੇ̱ ਸਾ, ਰੇ̱ ਸਾ, ਨ਼ੀ ਸਾ ਰੇ̱ ਪ, ਮ̍ ਪ ਨੀ ਸਾਂ, ਰੇ̱ਂ ਰੇ̱ਂ ਸਾਂ, ਰੇ̱ਂ ਗੰ ਰੇ̱ ਸਾਂ ਰੇ̱ਂ ਰੇ̱ਂ ਸਾਂ ਸਾਂ, ਮ̍ ਮ̍ ਪ ਨੀ ਸਾਂ ਰੇ̱ਂ, ਪੰ ਪੰ ਮ̍ ਗੰ ਰੇ̱ਂ ਸਾਂ, ਰੇ̱ਂ ਨੀ ਸਾਂ, ਨੀ ਧ̱ ਪ, ਧ̱ ਧ ਪ ਮ̍ ਗ ਰੇ̱, ਗ ਰੇ̱, ਸਾ ਰੇ̱, ਸਾ।

ੴ ਸਤਿਗੁਰ ਪ੍ਰਸਾਦਿ ॥
ਰਾਗ ਸਿਰੀਰਾਗੁ ਮਹਲਾ ੧ ਘਰੁ ੩ ॥

ਜੋਗੀ ਅੰਦਰਿ ਜੋਗੀਆ ॥ ਤੂੰ ਭੋਗੀ ਅੰਦਰਿ ਭੋਗੀਆ ॥
ਤੇਰਾ ਅੰਤੁ ਨ ਪਾਇਆ ਸੁਰਗਿ ਮਛਿ ਪਇਆਲਿ ਜੀਉ ॥੧॥
ਹਉ ਵਾਰੀ ਹਉ ਵਾਰਣੈ ਕੁਰਬਾਣੁ ਤੇਰੇ ਨਾਵ ਨੋ ॥੧॥ ਰਹਾਉ ॥
ਤੁਧੁ ਸੰਸਾਰੁ ਉਪਾਇਆ ॥ ਸਿਰੇ ਸਿਰਿ ਧੰਧੇ ਲਾਇਆ ॥
ਵੇਖਹਿ ਕੀਤਾ ਆਪਣਾ ਕਰਿ ਕੁਦਰਤਿ ਪਾਸਾ ਢਾਲਿ ਜੀਉ ॥੨॥
ਪਰਗਟਿ ਪਾਹਾਰੈ ਜਾਪਦਾ। ॥ ਸਭੁ ਨਾਵੈ ਨੋ ਪਰਤਾਪਦਾ ॥
ਸਤਿਗੁਰ ਬਾਝੁ ਨ ਪਾਇਓ ਸਭ ਮੋਹੀ ਮਾਇਆ ਜਾਲਿ ਜੀਉ ॥੩॥
ਸਤਿਗੁਰ ਕਉ ਬਲਿ ਜਾਈਐ ॥ ਜਿਤੁ ਮਿਲਿਐ ਪਰਮ ਗਤਿ ਪਾਈਐ ॥
ਸੁਰਿ ਨਰ ਮੁਨਿ ਜਨ ਲੋਚਦੇ ਸੋ ਸਤਿਗੁਰਿ ਦੀਆ ਬੁਝਾਇ ਜੀਉ ॥੪॥
ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 71-72)

**ਰਾਗ ਸਿਰੀ** ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | | | |
| | | | | | | | | ਰੇ̱ | ਪ | ਮ̍ | ਗ | ਰੇ̱ | ਰੇ̱ | ਸ | ਸ |
| | | | | | | | | ਹਉ | ऽ | ਵਾ | ऽ | ਰੀ | ऽ | ਹਉ | - |
| ਪ | - | ਮ̍ | ਧ̱ | ਪ | ਮ̍ | ਗ | - | ਮ̍ਮ̍ | ਪਪ | ਨੀ | ਨੀ | ਸਾਂ | - | ਸਾਂ | - |
| ਵਾ | ऽ | ऽ | ਰ | ਣੈ | ऽ | ऽ | ऽ | ਕੁਰ | ਬਾऽ | ऽ | ਣੁ | ਤੇ | ऽ | ਰੇ | ऽ |
| ਪਨੀ | ਸਾਂਰੇ̱ਂ | ਸਾਂਨੀ | ਧ̱ਪ | ਮ̍ਗ | ਮ̍ਗ | ਰੇ̱- | ਸਾ- | | | | | | | | |
| ਨਾऽ | ऽऽ | ऽऽ | ऽऽ | ਵऽ | ऽऽ | ਨੋऽ | ऽऽ | | | | | | | | |
| **ਅੰਤਰਾ** | | | | | | | | | | | | | | | |
| | | | | | | | | - | ਮ̍ਮ̍ | ਮ̍ | ਮ̍ | ਪ | ਪ | ਨੀ | ਨੀ |
| | | | | | | | | - | ਜੋऽ | ऽ | ਗੀ | ਅੰ | ऽ | ਦ | ਰਿ |
| ਸਾਂ | ਸਾਂ | ਸਾਂ | ਸਾਂ | ਸਾਂ | ਰੇ̱ਂ | ਸਾਂ | ਸਾਂ | - | ਗੰਗੰ | ਰੇ̱ਂ- | ਮ̍ੰ | ਗੰ | ਰੇ̱ਂ | ਸਾਂ | ਸਾਂ |
| ਜੋ | ऽ | ऽ | ਗੀ | ਆ | ऽ | ऽ | ऽ | ऽ | ਤੂऽ | ਭੋऽ | ਗੀ | ਅੰ | ऽ | ਦ | ਰਿ |
| ਸਾਂ | - | ਨੀ | ਧ̱ | ਪ | ਪ | ਮ̍ | ਗ | - | ਪਪ | ਪ | ਪ | ਧ̱ | ਧ̱ | ਪ | ਪ |
| ਭੋ | ऽ | ऽ | ਗੀ | ਆ | ऽ | ऽ | ऽ | ऽ | ਤੇऽ | ਰਾ | ऽ | ਅੰ | ऽ | ਤੁ | ਨ |
| ਰੇ̱ | - | ਗ | ਗ | ਰੇ̱- | ਰੇ̱ | ਸਾ | - | ਮ̍ | ਪ | ਨੀ | ਨੀ | ਸਾਂ | - | ਸਾਂ | - |
| ਪਾ | ऽ | ऽ | ऽ | ਇਆ | ऽ | ऽ | ऽ | ਸੁ | ਰੰ | ऽ | ਗ | ਮ | ऽ | ਛਿ | ਪ |
| ਪਨੀ | ਸਾਂਰੇ̱ਂ | ਸਾਂਨੀ | ਧ̱ਪ | ਮ̍ਗ | ਮ̍ਗ | ਰੇ̱- | ਸਾ- | | | | | | | | |
| ਇਆ | ऽऽ | ऽऽ | ऽऽ | ਲਿऽ | ऽਜੀ | ਉਂऽ | ऽऽ | | | | | | | | |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 2. ਰਾਗੁ ਮਾਝ

ਭਾਰਤੀ ਸੰਗੀਤ ਵਿਚ ਰਾਗ ਮਾਝ ਅਪ੍ਰਚਲਿਤ ਰਾਗ ਹੈ। ਮੱਧਕਾਲੀਨ ਸੰਗੀਤ ਗ੍ਰੰਥਾਂ ਵਿਚ ਇਸ ਰਾਗ ਦਾ ਉਲੇਖ ਨਹੀਂ ਮਿਲਦਾ, ਇਹ ਰਾਗ ਗੁਰੂ ਜੀ ਦੀ ਪ੍ਰਮਾਣਿਕਤਾ ਸਦਕਾ ਉਜਾਗਰ ਹੋਇਆ। ਭਗਤਾਂ ਨੇ ਵੀ ਇਸ ਰਾਗ ਵਿਚ ਬਾਣੀ ਦੀ ਰਚਨਾ ਕੀਤੀ। ਪਹਿਲੀ ਪਾਤਸ਼ਾਹੀ ਤੋਂ ਲੈ ਕੇ ਪੰਜਵੀਂ ਪਾਤਸ਼ਾਹੀ ਤੱਕ ਇਸ ਰਾਗ ਦੀ ਰਚਨਾ ਪੰਜ ਗੁਰੂਆਂ ਨੇ ਕੀਤੀ। ਭਾਰਤੀ ਸੰਗੀਤ ਵਿਚ ਜਿਵੇਂ ਲੋਕ ਸੰਗੀਤ (ਦੇਸੀ ਸੰਗੀਤ) ਦੀਆਂ ਧੁਨਾਂ ਤੋਂ ਅਨੇਕਾਂ ਰਾਗ ਪ੍ਰਚਾਰ ਵਿਚ ਆਏ, ਜਿਵੇਂ ਕਾਲਿੰਗੜਾ, ਮੁਲਤਾਨੀ ਆਦਿ। ਇਨ੍ਹਾਂ ਦੋਨਾਂ ਰਾਗਾਂ ਨੂੰ ਰਾਗ ਲੱਛਣਾਂ ਦੁਆਰਾ ਪ੍ਰਯੋਗ ਕੀਤਾ। ਬਾਅਦ ਵਿਚ ਅਜਿਹੇ ਰਾਗ ਆਪਣੇ ਕਿਰਿਆਤਮਕ ਪ੍ਰਯੋਗ ਦੇ ਪ੍ਰਚਲਨ ਸਦਕਾ ਭਾਰਤੀ ਸੰਗੀਤ ਦਾ ਅਨਿਖੜਵਾਂ ਅੰਗ ਬਣ ਗਏ ਜਿਸ ਨੂੰ ਬਾਅਦ ਵਿਚ ਦੇਸੀ ਰਾਗ ਵੀ ਕਿਹਾ ਜਾਂਦਾ ਹੈ। ਮਾਝ ਵੀ ਇਸੇ ਪ੍ਰਕਾਰ ਦਾ ਰਾਗ ਹੈ। ਇਸ ਰਾਗ ਦੀ ਉਤਪਤੀ ਸਬੰਧੀ ਗੁਰਬਾਣੀ ਵਿਚ ਇਕ ਪ੍ਰਮਾਣ ਅਤਿ ਮਹੱਤਵਪੂਰਨ ਹੈ ਜਿਸ ਅਧੀਨ ਮਾਝ ਦੀ ਵਾਰ ਨੂੰ "ਮਲਕ ਮੁਰੀਦ ਤਥਾ ਚੰਦ੍ਰਹੜ"[13], ਦੀ ਵਾਰ ਧੁਨੀ ਉਪਰ ਗਾਉਣ ਦਾ ਸੰਕੇਤ ਹੈ। ਇਸ ਸੰਕੇਤ ਤੋਂ ਸਪਸ਼ਟ ਹੈ ਕਿ ਮਾਝ ਰਾਗ 'ਵਾਰ' ਵਰਗੀ ਮਹੱਤਵਪੂਰਨ ਲੋਕ ਗਾਇਨ ਸ਼ੈਲੀ ਦਾ ਅੰਗ ਰਿਹਾ ਹੋਵੇਗਾ।

ਮਾਝ ਰਾਗ ਦੇ ਤਿੰਨ ਸਰੂਪ ਜੋ ਸਿੱਖ ਕੀਰਤਨਕਾਰਾਂ ਵਿਚ ਪ੍ਰਚਾਰ ਵਿਚ ਹਨ, ਕ੍ਰਮਵਾਰ ਖਮਾਜ, ਕਾਫੀ ਅਤੇ ਬਿਲਾਵਲ ਥਾਟ ਦੇ ਅੰਤਰਗਤ ਆਉਂਦੇ ਹਨ। ਖਮਾਜ ਥਾਟ ਦਾ ਮਾਝ ਰਾਗ ਸਿੱਖ ਕੀਰਤਨਕਾਰਾਂ ਵਿਚ ਪ੍ਰਚਲਿਤ ਹੈ, ਜਿਸ ਦਾ ਸਰੂਪ ਇਸ ਪ੍ਰਕਾਰ ਹੈ :

| | |
|---|---|
| ਥਾਟ | ਖਮਾਜ |
| ਜਾਤੀ | ਔੜਵ-ਸੰਪੂਰਨ |
| ਵਾਦੀ | ਰਿਸ਼ਭ |
| ਸੰਵਾਦੀ | ਪੰਚਮ |
| ਸਮਾਂ | ਰਾਤ ਦਾ ਪਹਿਲਾ ਪਹਿਰ |
| ਸੁਰ | ਦੋਵੇਂ ਗੰਧਾਰ, ਦੋਵੇਂ ਨਿਸ਼ਾਦ, ਬਾਕੀ ਸ਼ੁੱਧ, ਆਰੋਹ ਵਿਚ ਗੰਧਾਰ ਤੇ ਧੈਵਤ ਵਰਜਿਤ |
| ਅਰੋਹ | ਸਾ ਰੇ, ਮ ਪ, ਨੀ ਸਾਂ |
| ਅਵਰੋਹ | ਸਾਂ ਨ̲ੀ ਧ ਪ, ਧ ਮ ਗ ਮ, ਰੇ ਪ ਗੁ ਰੇ, ਗੁ ਸਾ ਰੇ ਨ਼ੀ ਸਾ |
| ਮੁੱਖ ਅੰਗ | ਪ, ਧ ਮ ਗ ਮ ਰੇ ਪ, ਮ ਗੁ ਰੇ, ਗੁ ਸਾ ਰੇ ਨ਼ੀ ਸਾ |

**ਸੁਰ ਵਿਸਥਾਰ** : ਸਾ, ਰੇ ਨ਼ੀ ਨ਼ੀ ਸਾ, ਗੁ ਸਾ ਰੇ ਨ਼ੀ ਸਾ, ਸਾ ਰੇ ਨ਼̲ੀ ਧ਼ ਪ਼, ਮ਼ ਮ਼ ਪ਼ ਨ਼ੀ ਨ਼ੀ ਸਾ, ਸਾ ਰੇ ਨ਼ੀ ਸਾ ਰੇ, ਰੇ ਪ, ਪ, ਮ ਗੁ ਰੇ, ਗੁ ਸਾ ਰੇ, ਨ਼ੀ ਨ਼ੀ ਸਾ, ਸਾ ਰੇ ਨ਼ੀ ਨ਼ੀ ਸਾ ਰੇ, ਨ਼̲ੀ ਧ਼ ਪ਼, ਧ਼ ਮ਼ ਪ਼, ਪ਼ ਨ਼̲ੀ ਧ਼ ਪ਼ ਮ਼ ਪ਼, ਨ਼ੀ ਨ਼ੀ ਸਾ, ਸਾ ਸਾ ਰੇ, ਰੇ ਪ ਮ ਗ, ਰੇ ਗੁ ਸਾ ਰੇ ਨ਼ੀ ਨ਼ੀ ਸਾ, ਸਾ ਰੇ, ਮ ਮ ਪ, ਪ ਧ ਮ ਗ ਰੇ, ਰੇ ਪ, ਮ ਗੁ ਰੇ, ਰੇ ਮ ਪ ਧ ਮ ਪ ਮ ਗ ਰੇ, ਰੇ ਗੁ ਸਾ ਰੇ ਨ਼ੀ ਸਾ, ਗੁ ਸਾ ਰੇ ਨ਼ੀ ਸਾ ਰੇ ਮ ਪ, ਮ ਪ ਧ ਪ, ਧ ਮ ਪ ਨ̲ੀ ਧ ਪ, ਧ ਧ ਪ ਮ ਪ, ਨੀ ਨੀ ਸਾਂ ਨ̲ੀ ਧ ਪ, ਧ ਮ ਪ ਮ ਗ ਰੇ, ਗੁ, ਸਾ ਰੇ ਨ਼ੀ ਨ਼ੀ ਸਾ, ਸਾ ਰੇ ਮ ਪ, ਮ ਪ ਨ̲ੀ ਧ ਪ, ਮ ਪ ਨੀ ਨੀ ਸਾਂ, ਸਾਂ ਨ̲ੀ ਧ ਪ, ਧ ਮ ਗ ਮ ਰੇ, ਪ, ਮ ਪ ਨੀ ਨੀ ਸਾਂ, ਸਾਂ, ਰੇਂ ਨੀ ਨੀ ਸਾਂ, ਰੇਂ ਰੇਂ ਸਾਂ ਨ̲ੀ ਧ ਪ, ਪ ਧ ਮ ਪ ਨੀ ਸਾਂ ਰੇਂ, ਰੇਂ ਪੰ, ਮੰ ਗੰ ਰੇਂ, ਗੁੰ

ਸਾਂ ਰੇਂ ਨੀ ਸਾਂ, ਨ਼ੀ ਨ਼ੀ ਧ ਧ, ਧ ਮ ਪ ਪ, ਮ ਗੁ ਰੇ ਗੁ ਸਾ ਰੇ ਨ਼ੀ ਸਾ, ਰੇ ਰੇ ਪ, ਪ ਧ ਮ ਮ ਪ, ਪ ਮ ਗ ਮ ਰੇ ਗੁ ਸਾ ਰੇ ਨ਼ੀ ਸਾ, ਰੇ ਰੇ ਸਾ ਰੇ ਨ਼ੀ ਸਾ।

**ਰਾਗ ਮਾਝ ਮਹਲਾ ੫॥**

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥੧॥
ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥ ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ॥
ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ॥੨॥
ਜੀਅ ਜੰਤ ਸਭਿ ਤੁਧੁ ਉਪਾਏ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ॥
ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ॥੩॥
ਨਾਮੁ ਧਿਆਇ ਮਹਾ ਸੁਖੁ ਪਾਇਆ॥ ਹਰਿ ਗੁਣ ਗਾਇ ਮੇਰਾ ਮਨ ਸੀਤਲਾਇਆ॥
ਗੁਰਿ ਪੂਰੇ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ॥੪॥੨੪॥੩੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 103)

**ਰਾਗ ਮਾਝ** **ਤਾਲ ਰੂਪਕ**

| × | | | 2 | | 3 | | × | | | 2 | | 3 | |
|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | |
| ਰੇ | - | ਮ | ਪ | - | ਮ | ਪ | ਗੁ | - | ਰੇਸਾ | ਰੇ | - | ਸਾ | - |
| ਤੂੰ | ਮੇ | ਰਾ | ਪਿ | ਤਾ | ऽ | ਤੂੰ | ਹੈ | ਮੇ | ਰਾऽ | ਮਾ | ऽ | ਤਾ | ऽ |
| ਰੇ | - | ਮ | ਧ | ਧ | ਮ | ਪ | ਗੁ | - | ਮ | ਰੇਗੁ | ਸਾਰੇ | ਨ਼ੀ | ਸਾ |
| ਤੂੰ | ਮੇ | ਰਾ | ਬੰ | ऽ | ਧ | ਪੁ | ਤੂੰ | ਮੇ | ਰਾ | ਭ੍ਰਾऽ | ऽऽ | ਤਾ | ऽ |
| ਮ | - | ਮ | ਪ | - | ਪ | - | ਨੀ | - | - | ਸਾਂ | - | ਸਾਂ | - |
| ਤੂੰ | ऽ | ऽ | ਮੇ | ऽ | ਰਾ | ऽ | ਰਾ | ऽ | ऽ | ਖਾ | ऽ | ऽ | ऽ |
| ਸਾ | ਰੇਂ | - | ਨੀ | - | ਸਾਂ | - | ਨ਼ੀ | ਧ | - | ਪ | - | - | - |
| ਸ | ਭ | ऽ | ਨੀ | ऽ | ऽ | ऽ | ਥਾਂ | ऽ | ऽ | ਈ | ऽ | ऽ | ऽ |
| ਰੇ | - | - | ਪ | - | ਪ | - | ਗੁ | - | - | ਰੇ | - | ਸਾ | - |
| ਤਾ | ऽ | ऽ | ਭਉ | ऽ | ऽ | ऽ | ਕੇ | ऽ | ऽ | ਹਾ | ऽ | ऽ | ऽ |
| ਗੁ | - | - | ਸਾ | - | ਰੇ | - | ਨ਼ੀ | ਨ਼ੀ | ਨ਼ੀ | ਸਾ | - | ਸਾ | - |
| ਕਾ | ऽ | ऽ | ੜਾ | ऽ | ऽ | ऽ | ਜੀ | ऽ | ऽ | ਉ | ऽ | ऽ | ऽ |
| **ਅੰਤਰਾ** | | | | | | | | | | | | | |
| ਮ- | ਮ | ਪ- | ਨੀ | ਨੀ | ਨੀ | - | ਸਾਂ | ਸਾਂ | ਸਾਂ | ਰੇਂ | ਨੀ | ਸਾਂ | - |
| ਤੁਮ | ਰੀ | ਕ੍ਰਿऽ | ਪਾ | ऽ | ਤੇ | ऽ | ਤੁ | ਧੁ | ਪ | ਛਾ | ऽ | ਣਾ | ऽ |
| ਰੇਂ- | ਰੇਂ | ਰੇਂ | ਗੁਂ | ਰੇਂਸਾ | ਨੀ | ਸਾਂ | ਨ਼ੀ | ਧ | ਪ | ਧ | ਮ | ਗ | ਮ |
| ਤੂੰऽ | ਮੇ | ਰੀ | ਓ | ऽऽ | ਟ | ਤੂੰ | ਹੈ | ਮੇ | ਰਾ | ਮਾ | ऽ | ਣਾ | ऽ |
| ਰੇ- | ਰੇ | ਪ | ਮ | ਪ | ਗ | ਮ | ਰੇ- | ਗੁ- | ਰੇਸਾ | ਰੇ | ਨ਼ੀ | ਸਾ | ਸਾਸਾ |
| ਤੁਝ | ਬਿ | ਨੁ | ਦੂ | ऽ | ਜਾ | ऽ | ਅਵ | ਰੁऽ | ਨऽ | ਕੋ | ऽ | ਈ | ਸਭੁ |
| ਰੇ | ਰੇ | ਰੇ | ਮ | ਮ | ਪ | ਪ | ਗੁ | - | - | ਸਾਰੇ | ਨ਼ੀ | ਸਾ | ਸਾ |
| ਤੇ | ऽ | ਰਾ | ਖੇ | ऽ | ਲ | ਅ | ਖਾ | ऽ | ੜਾ | ਜੀਉ | ऽ | ਉ | ऽ |

ਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 3. ਰਾਗੁ ਗਉੜੀ

ਗਉੜੀ ਰਾਗ ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ। ਇਹ ਬਹੁਤ ਪ੍ਰਾਚੀਨ ਰਾਗ ਹੈ। ਭਾਰਤੀ ਸੰਗੀਤ ਗ੍ਰੰਥਾਂ ਵਿਚ ਇਸ ਨੂੰ ਗੋਰੀ, ਗਉਰੀ, ਗਵਰੀ, ਗੋੜੀ ਆਦਿ ਨਾਵਾਂ ਨਾਲ ਲਿਖਿਆ ਗਿਆ ਹੈ। ਇਸ ਰਾਗ ਵਿਚ ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਨੇ ਰਚਨਾ ਕੀਤੀ। ਪ੍ਰਾਚੀਨ ਰਾਗ ਹੋਣ ਕਰਕੇ ਇਸ ਦੇ ਕਈ ਰੂਪ ਹਨ ਜਿਵੇਂ ਗਉੜੀ ਪੂਰਬੀ, ਗਉੜੀ ਪੂਰਬੀ ਦੀਪਕੀ, ਗਉੜੀ ਦੀਪਕੀ, ਗਉੜੀ ਮਾਲਾ, ਗਉੜੀ ਗੁਆਰੇਰੀ ਆਦਿ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵੱਧ ਬਾਣੀ ਇਸੇ ਰਾਗ ਵਿਚ ਹੈ। ਕਬੀਰ ਜੀ ਦੀ ਸਭ ਤੋਂ ਵੱਧ ਬਾਣੀ ਇਸ ਰਾਗ ਵਿਚ ਹੈ। ਗਉੜੀ ਰਾਗ ਕਈ ਅੰਗਾਂ ਨਾਲ ਗਾਇਆ ਜਾਂਦਾ ਹੈ ਜਿਵੇਂ ਭੈਰਵ, ਪੂਰਬੀ, ਕਾਫੀ, ਬਿਲਾਵਲ ਆਦਿ।

ਗੁਰਮਤਿ ਸੰਗੀਤ ਦੇ ਵਿਦਵਾਨਾਂ ਅਨੁਸਾਰ ਭੈਰਵ ਥਾਟ ਦਾ ਪ੍ਰਮਾਣਿਤ ਸਰੂਪ ਪ੍ਰਚਲਿਤ ਹੈ, ਜੋ ਇਸ ਪ੍ਰਕਾਰ ਹੈ :

| | |
|---|---|
| ਥਾਟ | ਭੈਰਵ |
| ਜਾਤੀ | ਔੜਵ-ਸੰਪੂਰਨ |
| ਵਾਦੀ | ਰਿਸ਼ਭ |
| ਸੰਵਾਦੀ | ਪੰਚਮ |
| ਸਮਾਂ | ਸ਼ਾਮ (ਰਾਤ ਦਾ ਪਹਿਲਾ ਪਹਿਰ) |
| ਸੁਰ | ਰਿਸ਼ਭ ਅਤੇ ਧੈਵਤ ਕੋਮਲ, ਬਾਕੀ, ਸ਼ੁੱਧ, ਆਰੋਹ ਵਿਚ ਗੰਧਾਰ ਧੈਵਤ ਵਰਜਿਤ |
| ਆਰੋਹ | ਸਾ, ਰੁੇ ਗ ਰੁੇ, ਮ ਪ ਨੀ ਸਾਂ |
| ਅਵਰੋਹ | ਸਾਂ ਨੀ ਧੁ ਮ ਪ, ਧੁ ਪ ਮ ਗ, ਰੁੇ ਗ ਰੁੇ, ਸਾ ਨ਼ੀ, ਸਾ |
| ਮੁੱਖ ਅੰਗ | ਮ ਧੁ ਪ, ਧੁ ਮ ਪ ਗ ਰੁੇ, ਗ ਰੇ ਸਾ ਨ਼ੀ ਸਾ |

**ਸੁਰ ਵਿਸਥਾਰ :** ਸਾ, ਰੁੇ, ਰੁੇ ਸਾ, ਰੁੇ ਗ ਰੁੇ, ਸਾ, ਰੁੇ, ਨ਼ੀ ਸਾ, ਸਾ ਨ਼ੀ ਧ਼ੁ ਮ਼ ਪ਼, ਧ਼ ਪ਼ ਮ਼ ਪ਼ ਨ਼ੀ ਸਾ, ਸਾ ਨ਼ੀ ਧ਼ੁ ਪ਼, ਧ਼ੁ ਧ਼ੁ ਪ, ਮ਼ ਪ਼ ਨ਼ੀ ਧ਼ੁ ਪ਼, ਮ ਪ਼ ਨ਼ੀ ਸਾ, ਰੁੇ ਰੁੇ ਸਾ, ਰੁੇ ਗ ਰੁੇ, ਸਾ ਰੁੇ, ਸਾ ਨ਼ੀ ਸਾ ਰੁੇ ਸਾ, ਸਾ ਰੁੇ ਗ ਰੁੇ, ਮ ਮ ਪ, ਮ ਪ ਮ ਧੁ ਪ, ਧੁ ਧੁ ਪ ਮ ਗ ਮ ਪ ਗ ਮ ਰੁੇ ਗ ਰੁੇ, ਸਾ ਰੁੇ ਸਾ ਨ਼ੀ, ਗ ਰੁੇ ਸਾ ਰੁੇ ਸਾ, ਗ ਮ ਪ, ਪ ਧੁ ਧੁ ਪ, ਧੁ ਧੁ ਪ ਮ ਪ, ਨੀ ਨੀ ਧੁ ਪ, ਧੁ ਧੁ ਪ ਮ ਪ ਨੀ ਸਾਂ, ਨੀ ਸਾਂ ਰੁੇਂ ਰੁੇਂ ਸਾਂ, ਸਾਂ, ਸਾ, ਰੁੇਂ ਗਂ ਰੁੇਂ, ਸਾਂ, ਨੀ ਧੁ ਪ, ਮ ਪ ਨੀ ਧੁ ਪ, ਧੁ ਪ ਮ ਗ ਰੁੇ, ਗ ਰੁੇ ਸਾ ਰੁੇ ਸਾ ਨ਼ੀ, ਸਾ ਰੁੇ ਸਾ, ਸਾ ਰੁੇ, ਗ ਰੁੇ, ਮ ਮ ਪ, ਧੁ ਧੁ ਪ, ਮ ਪ ਨੀ ਨੀ ਸਾਂ, ਸਾਂ ਰੁੇਂ ਸਾਂ ਨੀ, ਧੁ ਨੀ ਧੁ ਪ, ਧੁ ਪ ਧੁ ਪ ਮ ਪ, ਨੀ ਸਾਂ ਰੁੇਂ ਰੁੇਂ, ਰੁੇਂ ਗਂ ਰੁੇਂ ਸਾਂ, ਸਾਂ ਨੀ ਧੁ ਨੀ ਸਾਂ ਰੁੇਂ, ਰੁੇਂ ਨੀ ਧੁ ਪ, ਮ ਪ ਨੀ ਧੁ ਪ, ਧੁ ਪ ਮ ਗ ਰੁੇ ਗ ਰੁੇ, ਸਾ ਰੁੇ ਸਾ।

**ਰਾਗ ਗਉੜੀ ਮਹਲਾ ੫ ॥**

ਤੁਝ ਬਿਨੁ ਕਵਨੁ ਹਮਾਰਾ ॥ ਮੇਰੇ ਪ੍ਰੀਤਮ ਪ੍ਰਾਨ ਅਧਾਰਾ ॥੧॥ ਰਹਾਉ ॥
ਅੰਤਰ ਕੀ ਬਿਧਿ ਤੁਮ ਹੀ ਜਾਨੀ ਤੁਮ ਹੀ ਸਜਨ ਸੁਹੇਲੇ ॥

ਰਾਗ ਗਉੜੀ

ਸਰਬ ਸੁਖਾ ਮੈ ਤੁਝ ਤੇ ਪਾਏ ਮੇਰੇ ਠਾਕੁਰ ਅਗਹ ਅਤੋਲੇ ॥੧॥
ਬਰਨਿ ਨ ਸਾਕਉ ਤੁਮਰੇ ਰੰਗਾ ਗੁਣ ਨਿਧਾਨ ਸੁਖਦਾਤੇ ॥
ਅਗਮ ਅਗੋਚਰ ਪ੍ਰਭ ਅਬਿਨਾਸੀ ਪੂਰੇ ਗੁਰ ਤੇ ਜਾਤੇ ॥੨॥
ਭ੍ਰਮੁ ਭਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ ॥
ਜਨਮ ਮਰਣ ਕੋ ਚੂਕੋ ਸਹਸਾ ਸਾਧਸੰਗਤਿ ਦਰਸਾਰੀ ॥੩॥
ਚਰਣ ਪਖਾਰਿ ਕਰਉ ਗੁਰ ਸੇਵਾ ਬਾਰਿ ਜਾਉ ਲਖ ਬਰੀਆ ॥
ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ ਜਨ ਨਾਨਕ ਪ੍ਰਿਅ ਸੰਗਿ ਮਿਰੀਆ ॥੪॥੭॥੧੨੮॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 206-207)

**ਰਾਗ ਗਉੜੀ** **ਇਕ ਤਾਲ**

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| **ਸਥਾਈ** | | | | | | | | | | | |
| ਧ੍ | ਮ | ਪ | ਸਾਂ | ਧ੍ | ਧ੍ | ਮ | ਪ | ਪ | ਪ | ਪ | - |
| ਤੁ | ਝ | ਬਿ | ਨੁ | ਕ | ਵ | ਨੁ | ਹ | ਮਾ | ऽ | ਰਾ | ऽ |
| ਮ | ਮ | ਪ- | ਪ- | ਮਗ | ਮਗ | ਰੇ੍ | ਗ | ਰੇ੍ | ਰੇ੍ | ਸਾ | - |
| ਮੇ | ਰੇ | ਪ੍ਰੀऽ | ਤਮ | ਪ੍ਰਾऽ | ऽऽ | ਨ | ਅ | ਧਾ | ऽ | ਰਾ | ऽ |
| - | ਰੇ੍ਗ | ਰੇ੍ | ਸਾ | ਸਾ | ਰੇ੍ | ਸਾ | ਨ਼ੀ | - | ਰੇ੍ਗ | ਰੇ੍ | ਸਾ |
| - | ਪ੍ਰਾऽ | ਨ | ਅ | ਧਾ | ऽ | ਰਾ | ऽ | ऽ | ਪ੍ਰਾऽ | ਨ | ਅ |
| ਰੇ੍ | ਰੇ੍ | ਸਾ | ਸਾ | - | ਰੇ੍ਗ | ਰੇ੍ | ਸਾ | ਰੇ੍ | ਰੇ੍ | ਸਾ | ਨ਼ੀ |
| ਧਾ | ऽ | ਰਾ | ऽ | ऽ | ਪ੍ਰਾऽ | ਨ | ਅ | ਧਾ | ऽ | ਰਾ | ऽ |
| **ਅੰਤਰਾ** | | | | | | | | | | | |
| ਮ | ਮ | ਪ | ਪ | ਧ੍ | ਪ | ਮ | ਪ | ਨੀ | ਨੀ | ਸਾਂ | ਸਾਂ |
| ਅੰ | ऽ | ਤ | ਰ | ਕੀ | ऽ | ਬਿ | ਧ | ਤੁ | ਮ | ਹੀ | ऽ |
| ਰੇਂ੍ | - | ਰੇਂ੍ | - | ਰੇਂ੍ | ਗਂ | ਰੇਂ੍ | ਸਾਂ | ਨੀਸਾਂ | ਰੇਂ੍ਸਾਂ | ਨੀਧ੍ | ਪ- |
| ਜਾ | ऽ | ਨੀ | ऽ | ਤੁ | ਮ | ਹੀ | ऽ | ਸੁऽ | ਜਾऽ | ਨਾऽ | ਸੂऽ |
| ਮ | ਪ | ਧ੍ | ਪ | ਮਗ | ਰੇ੍ | ਗ | ਗ | - | ਮਮ | ਪ | ਪ |
| ਹੇ | ऽ | ऽ | ऽ | ਲੋऽ | ऽ | ऽ | ऽ | ऽ | ਸਰ | ਬ | ਸੁ |
| ਨੀ | ਨੀ | ਸਾਂ | ਸਾਂ | ਰੇਂ੍ | ਰੇਂ੍ | ਸਾਂ | ਨੀ | ਧ੍ | ਪ | ਮਗ | ਰੇ੍ |
| ਖਾ | ऽ | ਮੈ | ऽ | ਤੁ | ਝ | ਤੇ | ऽ | ਪਾ | ऽ | ਏऽ | ऽ |
| ਮਪ | ਮ | ਧ੍ | ਪ | ਮ- | ਪ- | ਗ- | ਮ- | ਰੇ੍ਗ | ਰੇ੍ਸਾ | ਸਾਰੇ੍ | ਸਾਨ਼ੀ |
| ਮੇਰੇ | ਠਾ | ਕੁ | ਰ | ਅऽ | ਗऽ | ਹऽ | ਅऽ | ਤੋऽ | ऽऽ | ਲੇऽ | ऽऽ |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 4. ਰਾਗੁ ਆਸਾ

ਰਾਗ ਆਸਾ ਗੁਰਮਤਿ ਸੰਗੀਤ ਪਰੰਪਰਾ ਦਾ ਮਹੱਤਵਪੂਰਨ ਰਾਗ ਹੈ। ਇਸ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਆਸਾ ਦੀ ਵਾਰ' ਦਾ ਗਾਇਨ ਅੰਮ੍ਰਿਤ ਵੇਲੇ ਕੀਤਾ ਜਾਂਦਾ ਹੈ ਅਤੇ ਸ਼ਾਮ ਨੂੰ 'ਸੋਦਰੁ' ਦਾ ਕੀਰਤਨ ਵਿਸ਼ੇਸ਼ ਆਸਾ ਰਾਗ ਵਿਚ ਕੀਤਾ ਜਾਂਦਾ ਹੈ। ਇਸੇ ਰਾਗ ਦੇ ਆਧਾਰ ਤੇ ਸਵੇਰੇ ਨੂੰ 'ਆਸਾ ਦੀ ਵਾਰ' ਦੀ ਚੋਕੀ ਤੇ ਸ਼ਾਮ ਨੂੰ 'ਸੋਦਰ ਦੀ ਚੌਂਕੀ' ਲਗਾਈ ਜਾਂਦੀ ਹੈ।

ਆਸਾ ਪੰਜਾਬ ਦਾ ਪ੍ਰਸਿੱਧ ਲੋਕਪ੍ਰਿਯ ਰਾਗ ਹੈ, ਜਿਸ ਦਾ ਵਿਕਾਸ ਲੋਕ ਸੰਗੀਤ ਵਿਚ ਹੋਇਆ। 'ਆਸਾ ਦੀ ਵਾਰ' ਨੂੰ "ਟੁੰਡੇ ਅਸਰਾਜੇ ਦੀ ਧੁਨੀ"[4] ਉਤੇ ਗਾਉਣ ਦਾ ਸੰਕੇਤ ਹੈ। ਇਸ ਰਾਗ ਨੂੰ ਸ਼ਾਸਤਰੀ ਰੂਪ ਪ੍ਰਦਾਨ ਕਰਨ ਵਿਚ ਬਾਬਾ ਫਰੀਦ ਤੇ ਗੁਰੂ ਨਾਨਕ ਦੇਵ ਜੀ ਦਾ ਯੋਗਦਾਨ ਹੈ।

ਗੁਰਮਤਿ ਸੰਗੀਤ ਵਿਦਵਾਨਾਂ ਅਨੁਸਾਰ ਆਸਾ ਰਾਗ ਦਾ ਸਰੂਪ ਇਸ ਪ੍ਰਕਾਰ ਸਵੀਕਾਰਿਆ ਗਿਆ ਹੈ :

| | |
|---|---|
| ਥਾਟ | ਬਿਲਾਵਲ |
| ਜਾਤੀ | ਔੜਵ-ਸੰਪੂਰਨ |
| ਵਾਦੀ | ਮਧਿਅਮ |
| ਸੰਵਾਦੀ | ਸ਼ੜਜ |
| ਸਮਾਂ | ਸਵੇਰ ਅਤੇ ਸ਼ਾਮ ਦਾ ਸੰਧੀ ਪ੍ਰਕਾਸ਼[5] |
| ਸੁਰ | ਆਰੋਹ ਵਿਚ ਗੰਧਾਰ ਤੇ ਨਿਸ਼ਾਦ ਵਰਜਿਤ, ਬਾਕੀ ਸਾਰੇ ਸ਼ੁੱਧ |
| ਆਰੋਹ | ਸਾ, ਰੇ ਮ, ਪ, ਧ ਸਾਂ |
| ਅਵਰੋਹ | ਸਾਂ ਨੀ ਧ ਪ, ਮ, ਗ ਰੇ ਸਾ ਰੇ ਗ ਸਾ |
| ਮੁੱਖ ਅੰਗ | ਰੇ ਮ, ਪ, ਧ ਸਾਂ, ਨੀ ਧ ਮ ਗ ਸਾ ਰੇ ਗ ਸਾ |

**ਸੁਰ ਵਿਸਥਾਰ :** ਸਾ ਰੇ ਸਾ, ਸਾ ਰੇ ਨ਼ੀ ਧ਼ ਪ਼, ਪ਼ ਧ਼ ਪ਼, ਮ਼ ਮ਼ ਪ਼ ਧ਼ ਸਾ, ਸਾ ਰੇ ਸਾ ਨ਼ੀ ਧ਼ ਪ਼, ਪ਼ ਧ਼ ਮ਼ ਪ਼ ਧ਼ ਸਾ, ਧ਼ ਸ਼ਾ ਰੇ, ਸਾ ਰੇ ਸਾ ਨ਼ੀ ਧ਼ ਪ਼, ਧ਼ ਧ਼ ਸਾ, ਸਾ ਰੇ ਮ, ਮ ਗ ਰੇ ਗ ਸਾ, ਸਾ ਰੇ ਗ ਸਾ, ਰੇ ਮ, ਮ ਗ ਸਾ ਰੇ ਗ ਸਾ, ਗ ਰੇ ਮ ਪ, ਪ ਮ ਗ, ਸਾ ਰੇ ਗ ਸਾ, ਰੇ ਮ, ਮ ਪ, ਪ ਧ ਨੀ ਧ ਪ ਮ, ਧ ਮ ਪ ਧ ਸਾਂ, ਸਾਂ ਨੀ ਧ ਪ, ਧ ਮ ਪ ਮ ਗ ਰੇ ਸਾ, ਸਾ ਰੇ ਮ ਗ ਰੇ ਗ ਸਾ ਰੇ ਨ਼ੀ ਨ਼ੀ ਸਾ, ਰੇ ਮ ਪ, ਮ ਗ ਰੇ ਮ ਪ ਧ ਧ ਪ, ਮ ਪ ਧ ਸਾਂ, ਸਾਂ ਰੇਂ ਨੀ ਧ ਪ, ਮ ਪ ਧ ਧ ਸਾਂ, ਸਾਂ ਰੇਂ ਸਾਂ ਸਾਂ ਗਂ ਰੇਂ ਗਂ ਸਾਂ, ਮ ਪ ਧ ਸਾਂ ਰੇਂ ਸਾਂ ਗਂ ਰੇਂ ਗਂ ਸਾਂ, ਸਾਂ ਨੀ ਧ ਪ ਮ ਪ ਧ ਨੀ ਧ ਪ, ਮ, ਗ ਰੇ ਮ ਪ, ਧ ਧ ਪ ਮ ਪ ਮ ਗ ਰੇ ਮ ਗ ਰੇ ਗ ਸਾ ਰੇ ਨ਼ੀ ਸਾ।

**ਰਾਗ ਆਸਾ ਮਹਲਾ ੧॥**

ਆਪਿ ਕਰੇ ਸਚੁ ਅਲਖ ਅਪਾਰੁ॥ ਹਉ ਪਾਪੀ ਤੂੰ ਬਖਸਣਹਾਰੁ॥੧॥
ਤੇਰਾ ਭਾਣਾ ਸਭੁ ਕਿਛੁ ਹੋਵੈ॥ ਮਨਹਠਿ ਕੀਚੈ ਅੰਤਿ ਵਿਗੋਵੈ॥੧॥ ਰਹਾਉ॥
ਮਨਮੁਖ ਕੀ ਮਤਿ ਕੂੜਿ ਵਿਆਪੀ॥ ਬਿਨੁ ਹਰਿ ਸਿਮਰਣ ਪਾਪਿ ਸੰਤਾਪੀ॥੨॥

ਦੁਰਮਤਿ ਤਿਆਗਿ ਲਾਹਾ ਕਿਛੁ ਲੇਵਹੁ ॥ ਜੋ ਉਪਜੈ ਸੋ ਅਲਖ ਅਭੇਵਹੁ ॥੩॥
ਐਸਾ ਹਮਰਾ ਸਖਾ ਸਹਾਈ ॥ ਗੁਰ ਹਰਿ ਮਿਲਿਆ ਭਗਤਿ ਦ੍ਰਿੜਾਈ ॥੪॥
ਸਗਲੀ ਸਉਦੀ ਤੋਟਾ ਆਵੈ ॥ ਨਾਨਕ ਰਾਮ ਨਾਮੁ ਮਨਿ ਭਾਵੈ ॥੫॥੨੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 356)

**ਰਾਗ ਆਸਾ** **ਤਿੰਨ ਤਾਲ**

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | | | |
| | | | | | | | | ਰੇ | ਰੇ | ਮ | ਮ | ਪ | ਪ | ਧ | ਧ |
| | | | | | | | | ਤੇ | ऽ | ਰਾ | ऽ | ਭਾ | ऽ | ਣਾ | ऽ |
| ਸਾਂ | - | ਸਾਂ | ਰੇਂ | ਸਾਂ | ਨੀ | ਧ | ਪ | ਧ | ਧ | ਧ | ਧ | ਪਧ | ਸਾਂ | ਧ | ਪ |
| ਸ | ਭੁ | ਕਿ | ਛੁ | ਹੋ | ऽ | ਵੈ | ऽ | ਮ | ਨ | ਹ | ਠਿ | ਕੀਂऽ | ऽ | ਚੈ | ऽ |
| ਪ | ਪ | ਪ | ਪ | ਮ | ਗ | ਰੇ | ਸ | | | | | | | | |
| ਅੰ | ऽ | ਤਿ | ਵਿ | ਗੋ | ऽ | ਵੈ | ऽ | | | | | | | | |
| **ਅੰਤਰਾ** | | | | | | | | | | | | | | | |
| | | | | | | | | ਪ | ਪ | ਧ | ਧ | ਸਾਂ | ਸਾਂ | ਸਾਂ | ਸਾਂ |
| | | | | | | | | ਆ | ऽ | ਖਿ | ਕ | ਰੇ | ऽ | ਸ | ਚੁ |
| ਸਾਂ | ਸਾਂ | ਗਂ | ਰੇਂ | ਸਾਂ | ਨੀ | ਧ | ਪ | ਧ | ਧ | ਧ | ਧ | ਪਧ | ਸਾਂ | ਧ | ਪ |
| ਅ | ਲ | ਖ | ਅ | ਪਾ | ऽ | ਰੁ | ऽ | ਹਉ | ऽ | ਪਾ | ऽ | ਪੀਂऽ | ऽ | ਤੂੰ | ऽ |
| ਪ | ਪ | ਧ | ਧ | ਮ | ਗ | ਰੇ | ਸਾ | | | | | | | | |
| ਬ | ਖ | ਸ | ਣ | ਹਾ | ऽ | ਰੁ | ऽ | | | | | | | | |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 5. ਰਾਗੁ ਗੂਜਰੀ

ਰਾਗ ਗੂਜਰੀ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। ਇਸ ਰਾਗ ਦਾ ਗਾਇਨ ਭਗਤੀ ਭਾਵ ਵਿਸ਼ੇਸ਼ ਅਨੁਕੂਲ ਮੰਨਿਆ ਜਾਂਦਾ ਹੈ। ਇਸ ਰਾਗ ਦੀ ਸੰਪੂਰਨ ਰਚਨਾ ਕਰੁਣ ਰਸ ਨਾਲ ਉਤਪੰਨ ਹੋਣ ਕਾਰਨ ਸੰਗੀਤਕਾਰਾਂ ਨੇ ਇਸ ਦੀ ਪ੍ਰਕ੍ਰਿਤੀ ਕਰੁਣ ਮੰਨੀ ਹੈ। ਗੂਜਰੀ ਰਾਗ ਤੋੜੀ ਦੀ ਇਕ ਵੰਨਗੀ ਹੈ। ਵਿਦਵਾਨਾਂ ਨੇ ਇਸ ਰਾਗ ਦੇ ਨਾਦ ਚਿੱਤਰ ਵੀ ਰਚਨਾ ਤੋੜੀ ਥਾਟ ਤੋਂ ਮੰਨੀ ਹੈ। ਗੁਰਮਤਿ ਸੰਗੀਤ ਵਿਚ ਇਸ ਰਾਗ ਨੂੰ ਰਾਗ ਗੂਜਰੀ ਨਾਮ ਨਾਲ ਨਿਵਾਜਿਆ ਗਿਆ ਹੈ। ਗੁਰਮਤਿ ਸੰਗੀਤ ਵਿਦਵਾਨਾਂ ਅਨੁਸਾਰ ਗੂਜਰੀ ਰਾਗ ਦਾ ਸਰੂਪ ਇਸ ਪ੍ਰਕਾਰ ਦੱਸਿਆ ਗਿਆ ਹੈ :

| | |
|---|---|
| ਥਾਟ | ਤੋੜੀ |
| ਜਾਤੀ | ਸ਼ਾੜਵ-ਸ਼ਾੜਵ |
| ਵਾਦੀ | ਧੈਵਤ |
| ਸੰਵਾਦੀ | ਰਿਸ਼ਭ |
| ਸਮਾਂ | ਦਿਨ ਦਾ ਦੂਜਾ ਪਹਿਰ |
| ਸੁਰ | ਰਿਸ਼ਭ, ਗੰਧਾਰ ਅਤੇ ਧੈਵਤ ਕੋਮਲ, ਮਧਿਅਮ ਤੀਵਰ, ਬਾਕੀ ਸਾਰੇ ਸ਼ੁੱਧ |
| ਆਰੋਹ | ਸਾ ਰੇੁ, ਗੁ ਮੇ, ਧੁ, ਨੀ ਸਾਂ |
| ਅਵਰੋਹ | ਸਾਂ ਨੀ ਧੁ, ਮੇ ਗੁ ਰੇੁ, ਗੁ ਰੇੁ ਸਾ |
| ਮੁੱਖ ਅੰਗ | ਧੁ, ਮੇ ਧੁ, ਨੀ ਧੁ, ਮੇ ਧੁ ਮੇ ਗੁ ਰੇੁ, ਰੇੁ, ਗੁ ਰੇੁ ਸਾ |

**ਸੁਰ ਵਿਸਥਾਰ :** ਸਾ, ਰੇੁ ਗੁ, ਰੇੁ ਗੁ ਰੇੁ ਸਾ, ਨ਼ੀ, ਨ਼ੀ ਧ਼ੁ, ਮ਼ੇ ਧ਼ੁ, ਨ਼ੀ ਸਾ, ਨ਼ੀ ਸਾ ਰੇੁ, ਰੇੁ, ਗੁ, ਰੇੁ ਗੁ ਰੇੁ ਸਾ, ਧ਼ੁ ਧ਼ੁ ਨ਼ੀ ਸਾ, ਰੇੁ ਗੁ, ਰੇੁ, ਗੁ, ਗੁ ਰੇੁ, ਸਾ ਨ਼ੀ ਧ਼ੁ, ਮ਼ੇ ਧ਼ੁ ਨ਼ੀ ਸਾ, ਸਾ ਰੇੁ, ਗੁ, ਰੇੁ, ਗੁ ਮੇ ਧੁ, ਧੁ ਮੇ ਗੁ ਰੇੁ, ਗੁ ਰੇੁ, ਸਾ, ਰੇੁ ਗੁ ਮੇ ਧੁ, ਗੁ ਮੇ ਧੁ ਨੀ ਧੁ, ਸਾ ਧੁ ਮੇ ਗੁ ਰੇੁ ਗੁ ਰੇੁ ਸਾ, ਸਾ ਰੇੁ ਗੁ ਮੇ ਧੁ ਨੀ ਧੁ, ਮੇ ਧੁ ਨੀ ਧੁ ਸਾਂ, ਸਾਂ ਧੁ ਨੀ ਸਾਂ ਰੇਂੁ, ਧੁ ਗੁਂ ਰੇਂੁ ਗੁਂ ਰੇਂੁ, ਸਾਂ, ਰੇਂੁ ਰੇਂੁ ਸਾਂ ਨੀ ਧੁ, ਮੇ ਧੁ, ਨੀ ਧੁ ਸਾਂ ਨੀ ਰੇਂੁ, ਰੇਂੁ ਗੁਂ ਰੇਂੁ ਸਾਂ, ਸਾਂ ਸਾਂ ਨੀ ਧੁ, ਨੀ ਧੁ, ਮੇ ਧੁ ਮੇ ਗੁ ਰੇੁ, ਗੁ ਰੇੁ, ਗੁ ਸਾ ਰੇੁ ਨ਼ੀ ਸਾ, ਨ਼ੀ ਸਾ ਰੇੁ ਰੇੁ, ਗੁ, ਰੇੁ ਗੁ ਰੇੁ ਸਾ, ਰੇੁ ਗੁ ਮੇ ਧੁ, ਧੁ ਧੁ ਮੇ ਗੁ ਰੇੁ ਗੁ ਮੇ ਧੁ, ਨੀ ਨੀ ਧੁ, ਨੀ ਨੀ ਧੁ ਮੇ ਧੁ ਸਾਂ, ਸਾਂ ਸਾਂ ਧੁ ਨੀ ਧੁ ਗੁਂ ਰੇਂੁ ਸਾਂ, ਧੁ ਨੀ ਧੁ, ਸਾ ਧੁ, ਮੇ ਧੁ ਨੀ ਧੁ ਗੁਂ ਰੇਂੁ ਸਾਂ, ਰੇਂੁ ਰੇਂੁ ਸਾਂ ਨੀ ਧੁ ਨੀ ਧੁ, ਧੁ ਮੇ ਧੁ ਮੇ ਗੁ ਰੇੁ, ਰੇੁ ਗੁ ਰੇੁ ਸਾ, ਸਾ ਰੇੁ ਸਾ।

**ਰਾਗ ਗੂਜਰੀ ਮਹਲਾ ੫ ॥**

ਦੁਇ ਕਰ ਜੋੜਿ ਕਰੀ ਬੇਨੰਤੀ ਠਾਕੁਰੁ ਅਪਨਾ ਧਿਆਇਆ ॥
ਹਾਥ ਦੇਇ ਰਾਖੇ ਪਰਮੇਸਰਿ ਸਗਲਾ ਦੁਰਤੁ ਮਿਟਾਇਆ ॥੧॥
ਠਾਕੁਰ ਹੋਏ ਆਪਿ ਦਇਆਲ ॥

ਭਈ ਕਲਿਆਣ ਆਨੰਦ ਰੂਪ ਹੁਈ ਹੈ ਉਬਰੇ ਬਾਲ ਗੁਪਾਲ ॥੧॥ ਰਹਾਉ ॥
ਮਿਲਿ ਵਰ ਨਾਰੀ ਮੰਗਲੁ ਗਾਇਆ ਠਾਕੁਰ ਕਾ ਜੈਕਾਰੁ ॥
ਕਹੁ ਨਾਨਕ ਤਿਸੁ ਗੁਰ ਬਲਿਹਾਰੀ ਜਿਨਿ ਸਭ ਕਾ ਕੀਆ ਉਧਾਰੁ ॥੨॥੬॥੧੫॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 499)

**ਰਾਗ ਗੂਜਰੀ**

**ਤਿੰਨ ਤਾਲ**

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | | | |
| | | | | | | | | | | | ਧੁ | ਧੁ | ਗੁ | - | ਮੰ |
| | | | | | | | | | | | ਠਾ | ऽ | ਕੂ | ऽ | ਰ |
| ਧੁ | - | ਧੁ | - | ਮੰ | ਗੁ | ਰੇ | ਗੁ | ਰੇ | - | ਸਾ | - | - | ਸਾਸਾ | ਸਾ | ਸਾ |
| ਹੋ | ऽ | ਇ | ऽ | ਆ | ऽ | ਪ | ਦ | ਇਆ | ऽ | ਲ | ऽ | ऽ | ਭਈ | ਕ | ਲ |
| ਰੇ | ਰੇ | ਗੁ | ਗੁ | ਰੇ | ਰੇ | ਗੁ | ਗੁ | ਰੇ | ਰੇ | ਸਾ | - | - | ਮੰ | ਮੰ | ਮੰ |
| ਆ | ऽ | ਣ | ਆ | ਨੰ | ਦ | ਰੂ | ਪ | ਹੁ | ਈ | ਹੈ | ऽ | ऽ | ਉ | ਬ | ਰੇ |
| ਧੁ | ਧੁ | ਮੰ | ਮੰਧੁ | ਸਾਂਨੀ | ਧੁਨੀ | ਸਾਂਰੇ | ਸਾਂਨੀ | ਧੁਮੰ | ਗੁਰੇ | ਸਾ- | ਧੁ | ਧੁ | ਗੁ | - | ਮੰ |
| ਲਾ | ऽ | ਲ | ਗੁऽ | ਪਾऽ | ऽऽ | ऽऽ | ऽऽ | ऽऽ | ऽऽ | ਲ | ਠਾ | ऽ | ਕੁ | - | ਰ |
| ਧੁ | - | ਧੁ | - | ਮੰ | ਗੁ | ਰੇ | ਸੁ | | | | | | | | |
| ਹੋ | ऽ | ਇ | ऽ | ਆ | ऽ | ਪ | ऽ | | | | | | | | |
| **ਅੰਤਰਾ** | | | | | | | | | | | | | | | |
| | | | | | | | | - | ਮੰਮੰ | ਗੁ | ਗੁ | ਮੰ | ਮੰ | ਧੁ | ਧੁ |
| | | | | | | | | - | ਦੂਇ | ਕ | ਰ | ਜੋ | ऽ | ਝ | ਕ |
| ਸਾਂ | - | ਸਾਂ | - | ਰੇਂ | - | ਸਾਂ | ਸਾਂ | ਸਾਂ | ਗੁਂ | ਗੁਂ | ਗੁਂ | ਰੇਂ | ਗੁ | ਰੇਂ | ਸਾਂ |
| ਰੀ | ऽ | ਬੇ | ऽ | ਨੰ | ऽ | ਤੀ | ऽ | ऽ | ਠਾ | ਕੁ | ਰ | ਅ | ਪ | ਨਾ | ਧਿ |
| ਨੀ | ਸਾਂ | ਨੀ | ਸਾਂ | ਧੁ- | - | ਧੁ | ਧੁ | ਧੁ | ਧੁ | ਧੁ | ਧੁ | ਮੰ | ਧੁ | ਮੰ | ਗੁ |
| ਆ | ऽ | ऽ | ऽ | ਇਆ | ऽ | ऽ | ऽ | ऽ | ਹਾ | ਥ | ਦੇ | ऽ | ਇ | ਰਾ | ऽ |
| ਮੰ | ਧੁ | ਮੰ | ਗੁ | ਰੇ | ਰੇ | ਸਾ | ਸਾ | - | ਧੁ | ਧੁ | ਧੁ | ਮੰ | ਧੁ | ਮੰ | ਧੁ |
| ਖੇ | ऽ | ਪ | ਰ | ਮੇ | ऽ | ਸ | ਰ | ऽ | ਸ | ਗ | ਲਾ | ਦੂ | ਰ | ਤ | ਮਿ |
| ਸਾਂਨੀ | ਧੁਨੀ | ਸਾਂਰੇਂ | ਗੁਂਰੇਂ | ਸਾਂਰੇਂ | ਸਾਂਨੀ | ਧੁਮੰ | ਗੁਰੇ | ਸਾ- | - | - | - | | | | |
| ਟਾऽ | ऽऽ | ऽऽ | ऽऽ | ऽऽ | ऽऽ | ਇऽ | ऽऽ | ਆऽ | ऽ | ऽ | ऽ | | | | |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 6. ਰਾਗੁ ਦੇਵਗੰਧਾਰੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੇਵਗੰਧਾਰੀ ਸਿਰਲੇਖ ਹੇਠ ਦੇਵਗੰਧਾਰੀ ਤੇ ਦੇਵਗੰਧਾਰ ਦੋ ਰਾਗ ਉਪਲੱਬਧ ਹੁੰਦੇ ਹਨ। ਦੋਨਾਂ ਦਾ ਹੀ ਸਰੂਪ ਵੱਖੋ-ਵੱਖਰਾ ਹੈ। ਇਨ੍ਹਾਂ ਦੇ ਸਰੂਪਾਂ ਦੇ ਵੀ ਕਈ ਵੱਖਰੇ ਰੂਪ ਪ੍ਰਚਾਰ ਵਿਚ ਹਨ।

ਦੇਵਗੰਧਾਰੀ ਰਾਗ ਵਿਚ ਆਸਾਵਰੀ ਅਤੇ ਆਸਾ ਰਾਗ ਦਾ ਮਿਸ਼ਰਣ ਹੈ। ਵਰਤਮਾਨ ਸਮੇਂ ਦੀ ਪ੍ਰਚਲਿਤ ਥਾਟ ਪੱਧਤੀ ਅਨੁਸਾਰ, ਇਹ ਰਾਗ 10 ਥਾਟਾਂ ਵਿਚੋਂ ਕਿਸੇ ਥਾਟ ਵਿਚ ਨਹੀਂ ਆਉਂਦਾ। ਥਾਟ-ਉਪਥਾਟ ਪੱਧਤੀ ਅਨੁਸਾਰ, ਅਸੀਂ ਇਸ ਨੂੰ ਆਸਾਵਰੀ ਅਤੇ ਬਿਲਾਵਲ ਥਾਟ ਵਿਚ ਸ਼ਾਮਿਲ ਕਰ ਸਕਦੇ ਹਾਂ। ਇਸ ਰਾਗ ਵਿਚ ਦੋਨੋਂ ਧੈਵਤ, ਦੋਨੋਂ ਨਿਸ਼ਾਦ ਅਤੇ ਹੋਰ ਸਾਰੇ ਸੁਰ ਸ਼ੁੱਧ ਲਗਦੇ ਹਨ। ਦੇਵਗੰਧਾਰ ਰਾਗ ਦਾ ਕੇਵਲ ਇਕੋ ਸ਼ਬਦ 'ਅਪਨੇ ਹਰਿ ਪਹਿ ਬਿਨੰਤੀ ਕਹੀਆ' ਹੈ, ਬਾਕੀ ਸਾਰੀ ਬਾਣੀ ਦੇਵਗੰਧਾਰੀ ਵਿਚ ਹੈ। ਰਾਗ ਦੇਵਗੰਧਾਰੀ ਸ਼ਾਸਤਰੀ ਸੰਗੀਤ ਵਿਚ ਅਪ੍ਰਚਲਿਤ ਰਾਗ ਦੇ ਰੂਪ ਵਿਚ ਹੈ।

ਗੁਰਮਤਿ ਸੰਗੀਤ ਵਿਦਵਾਨਾਂ ਅਨੁਸਾਰ ਇਸ ਰਾਗ ਦੇ ਇਸ ਸਰੂਪ ਨੂੰ ਪ੍ਰਮਾਣਿਤ ਮੰਨਿਆ ਗਿਆ ਹੈ। ਦੇਵਗੰਧਾਰੀ ਰਾਗ ਦਾ ਵੇਰਵਾ ਇਸ ਪ੍ਰਕਾਰ ਹੈ :

| | |
|---|---|
| ਥਾਟ | ਬਿਲਾਵਲ (ਆਸਾਵਰੀ ਅੰਗ) |
| ਜਾਤੀ | ਔੜਵ-ਸੰਪੂਰਨ |
| ਵਾਦੀ | ਮਧਿਅਮ |
| ਸੰਵਾਦੀ | ਸ਼ੜਜ |
| ਸਮਾਂ | ਦਿਨ ਦਾ ਦੂਜਾ ਪਹਿਰ |
| ਸੁਰ | ਦੋਨੋਂ ਧੈਵਤ, ਦੋਨੋਂ ਨਿਸ਼ਾਦ, ਬਾਕੀ ਸਾਰੇ ਸ਼ੁੱਧ |
| ਆਰੋਹ | ਸਾ ਰੇ ਮ, ਪ ਧ ਸਾਂ |
| ਅਵਰੋਹ | ਸਾਂ ਨੀ ਧ ਪ, ਮ ਪ, ਧੁ ਨੁੀ, ਧੁ ਪ, ਮ ਗ ਰੇ ਸ |
| ਮੁੱਖ ਅੰਗ | ਧੁ ਨੁੀ ਧੁ ਪ, ਮ ਗ, ਸ ਰੇ ਮ, ਗ ਸ ਰੇ ਗ ਸਾ |

**ਸੁਰ ਵਿਸਥਾਰ :** ਸਾ ਰੇ ਰੇ ਸਾ, ਧ਼ ਸਾ, ਸਾ ਨ਼ੀ ਧ਼ ਪ਼, ਮ਼ ਧ਼, ਧੂ ਨੂੀ ਧੂ ਪ਼, ਮ਼ ਪ਼, ਨੂੀ ਨੂੀ ਧੂ ਨੂੀ ਧੂ ਪ਼, ਪ਼ ਧ਼ ਸਾ, ਸਾ ਰੇ ਮ, ਗ ਸਾ ਰੇ ਗ ਸਾ, ਸਾ ਰੇ ਸਾ ਨ਼ੀ ਨ਼ੀ ਧ਼ ਪ਼, ਮ਼ ਪ਼, ਮ਼ ਪ਼, ਧੁ ਧੂ ਨੂੀ ਧੂ ਪ਼, ਮ਼ ਪ਼ ਧੂ ਨੂੀ ਧ਼ ਪ਼ ਮ਼ ਪ਼ ਧ਼ ਸਾ, ਸਾ ਰੇ ਮ, ਮ ਗ, ਸਾ ਰੇ ਮ ਮ ਪ, ਰੇ ਮ ਪ, ਮ ਗ, ਸਾ ਰੇ ਮ ਮ ਪ, ਧੁ ਧੁ ਪ, ਮ ਪ ਧੁ ਨੁੀ ਧੁ ਪ ਮ ਪ ਮ ਗ ਸਾ ਰੇ ਮ, ਪ, ਧ ਮ ਪ ਧ ਸਾਂ, ਸਾਂ ਰੇਂ ਸਾਂ ਨੀ ਧ ਪ, ਮ ਪ ਧੁ ਨੁੀ ਧੁ ਪ, ਮ ਗ ਸਾ ਰੇ ਮ, ਗ ਸਾ ਰੇ ਗ ਸ, ਧ ਮ ਪ ਧ ਸਾਂ, ਸਾਂ ਰੇਂ ਸਾਂ, ਪ ਧ ਸਾਂ, ਸਾਂ ਰੇਂ ਮੰ ਗੰ, ਸਾਂ ਰੇਂ ਮ ਗੰ ਸਾਂ ਰੇਂ ਨੀ ਸਾਂ, ਨੀ ਸਾਂ, ਨੀ ਧ ਪ, ਧ ਧ ਪ, ਮ ਪ ਧੁ ਨੁੀ ਧੁ ਪ, ਪ ਧੁ ਮ ਪ, ਮ ਗ ਸਾ ਰੇ ਮ, ਰੇ ਮ ਪ, ਰੇ ਮ ਰੇ ਮ ਪ ਮ ਗ, ਸਾ ਰੇ ਮ ਮ ਪ, ਧੁ ਨੁੀ ਧੁ ਪ, ਮ ਗ ਸਾ ਰੇ ਮ ਗ ਸਾ ਰੇ ਮ।

**ਰਾਗ ਦੇਵਗੰਧਾਰੀ ਮਹਲਾ ੫ ॥**

ਅਨਾਥ ਨਾਥ ਪ੍ਰਭ ਹਮਾਰੇ ॥ ਸਰਨਿ ਆਇਓ ਰਾਖਨਹਾਰੇ ॥ ਰਹਾਉ ॥
ਸਰਬ ਪਾਖ ਰਾਖੁ ਮੁਰਾਰੇ ॥ ਆਗੈ ਪਾਛੈ ਅੰਤੀ ਵਾਰੇ ॥੧॥
ਜਬ ਚਿਤਵਉ ਤਬ ਤੁਹਾਰੇ ॥ ਉਨ ਸਮ੍ਹਾਰਿ ਮੇਰਾ ਮਨੁ ਸਧਾਰੇ ॥੨॥
ਸੁਨਿ ਗਾਵਉ ਗੁਰ ਬਚਨਾਰੇ ॥ ਬਲਿ ਬਲਿ ਜਾਉ ਸਾਧ ਦਰਸਾਰੇ ॥੩॥
ਮਨ ਮਹਿ ਰਾਖਉ ਏਕ ਅਸਾਰੇ ॥ ਨਾਨਕ ਪ੍ਰਭ ਮੇਰੇ ਕਰਨੈਹਾਰੇ ॥੪॥੨੫॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 533)

**ਰਾਗ ਦੇਵਗੰਧਾਰੀ**

**ਝਪ ਤਾਲ (ਬਿਲਵੰਤ ਲੈਅ)**

| × | | 2 | | | 0 | | 3 | | |
|---|---|---|---|---|---|---|---|---|---|
| **ਸਥਾਈ** | | | | | | | | | |
| ਰੇ | ਰੇ | ਮ | ਮ | ਪ | ਧੁਧੁ | ਧੁਨੀ | ਧੁ | ਮ | ਪ |
| ਅ | ਨਾ | ਥ | ਨਾ | ਥ | ਪ੍ਰऽ | ਭऽ | ਹ | ਮਾ | ਰੇ |
| ਪ | ਧੁ | ਮ | ਪਪ | ਮ | ਗ | ਸ | ਰੇ | ਮ | ਮ |
| ਸ | ਰ | ਨਿ | ਆਇ | ਓ | ਰਾ | ਖ | ਨ | ਹਾ | ਰੇ |
| **ਅੰਤਰਾ** | | | | | | | | | |
| ਪ | ਧ | ਮ | ਪ | ਧ | ਸਾਂ | ਸਾਂ | ਰੇਂ | ਸਾਂ | ਸਾਂ |
| ਸ | ਰ | ਬ | ਪਾ | ਖ | ਰਾ | ਖੁ | ਮੁ | ਰਾ | ਰੇ |
| ਸਾਂ | ਰੇਂ | ਗਂ | ਸਾਂ | ਸਾਂ | ਨੀ | ਸਾਂਨੀ | ਧ | - | ਪ |
| ਆ | ਗੈ | ਪਾ | ऽ | ਛੈ | ਅੰ | ਤੰऽ | ਵਾ | ऽ | ਰੇ |
| ਪਧੁ | ਨੀ | ਧੁ | ਮ | ਪ | ਮ | ਗ | ਸਾ | ਰੇਗ | ਸਾ |
| ਆऽ | ਗੈ | ਪਾ | ऽ | ਛੈ | ਅੰ | ਤੀ | ਵਾ | ऽऽ | ਰੇ |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 7. ਰਾਗੁ ਬਿਹਾਗੜਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅੰਗਦ ਦੇਵ ਜੀ ਤੋਂ ਬਿਨਾਂ ਸਾਰੇ ਗੁਰੂਆਂ ਨੇ ਇਸ ਰਾਗ ਵਿਚ ਬਾਣੀ ਦੀ ਰਚਨਾ ਕੀਤੀ ਹੈ। ਸੰਗੀਤ ਸ਼ਾਸਤਰ ਅਨੁਸਾਰ, ਰਾਗ ਬਿਹਾਗੜਾ ਰਾਤ ਨੂੰ ਗਾਏ ਜਾਣ ਵਾਲੇ ਰਾਗਾਂ ਵਿਚੋਂ ਬੜਾ ਹੀ ਮਧੁਰ ਤੇ ਪ੍ਰਭਾਵਸ਼ਾਲੀ ਰਾਗ ਹੈ। ਇਸ ਰਾਗ ਦੀ ਸਿਰਜਣਾ ਬਿਹਾਗ ਦੇ ਖਮਾਜ ਦੇ ਮਧੁਰ ਅੰਸ਼ਾਂ ਦੁਆਰਾ ਹੋਈ ਹੈ। ਜੇਕਰ ਬਿਹਾਗ ਵਿਚ ਤੀਵਰ ਮਧਿਅਮ ਨਾ ਲਗਾ ਕੇ ਵਕਰ ਢੰਗ ਨਾਲ ਕੋਮਲ ਨਿਸ਼ਾਦ ਦਾ ਪ੍ਰਯੋਗ ਕਰੀਏ ਤਾਂ ਇਹ ਬਿਹਾਗੜਾ ਬਣ ਜਾਂਦਾ ਹੈ। ਕੁਝ ਸੰਗੀਤਕਾਰ ਇਸ ਨੂੰ ਬਿਹਾਗ ਦਾ ਉਪਰਾਗ ਵੀ ਮੰਨਦੇ ਹਨ। ਬਿਹਾਗੜਾ ਦੇ ਚਲਨ ਵਿਚ ਥੋੜ੍ਹਾ ਬਹੁਤਾ ਪਰਿਵਰਤਨ ਕਰਕੇ ਇਸ ਰਾਗ ਦਾ ਸਰੂਪ ਸਥਾਪਿਤ ਕੀਤਾ ਹੈ। ਬਿਹਾਗ ਰਾਗ ਦੀ ਸੁਰਾਵਲੀ 'ਨ਼ੀ ਸਾ ਗ ਮ, ਗ ਮ ਪ ਨੀ ਸਾਂ, ਸਾਂ ਨੀ ਧ ਪ', ਅਤੇ ਖਮਾਜ ਦੀ 'ਗ ਮ ਪ ਧ ਨੁੀ ਧ ਪ' ਦੇ ਆਧਾਰ ਤੇ ਬਿਹਾਗੜੇ ਦੀ ਰਚਨਾ ਹੋਈ। ਇਸ ਰਾਗ ਦੇ ਦੋ ਰੂਪ ਪ੍ਰਚਾਰ ਵਿਚ ਹਨ। ਕੁਝ ਸੰਗੀਤਕਾਰ ਤੀਵਰ ਮਧਿਅਮ ਦਾ ਪ੍ਰਯੋਗ ਤੇ ਸ਼ੁੱਧ ਨਿਸ਼ਾਦ, ਦੂਸਰਾ ਰੂਪ ਤੀਵਰ ਮਧਿਅਮ ਬਿਲਕੁਲ ਨਹੀਂ ਵਰਤਦੇ, ਸਗੋਂ ਦੋਨੋਂ ਨਿਸ਼ਾਦ ਦਾ ਪ੍ਰਯੋਗ, ਖਮਾਜ ਅੰਗ ਤੋਂ ਨਿਸ਼ਾਦ ਕੋਮਲ ਦੀ ਵਰਤੋਂ ਕਰਦੇ ਹਨ, ਜਿਵੇਂ ਸਾਂ ਨੁੀ ਧ ਪ, ਪਰੰਤੂ ਆਧੁਨਿਕ ਸਮੇਂ ਵਿਚ ਇਸ ਰਾਗ ਦੇ ਸਮੁੱਚੇ ਚਲਨ ਵਿਚ ਕੋਮਲ ਨਿਸ਼ਾਦ ਦਾ ਪ੍ਰਯੋਗ ਬਿਲਾਵਲ ਅੰਗ ਤੋਂ ਕੀਤਾ ਜਾਂਦਾ ਹੈ।[6]

ਗੁਰਮਤਿ ਸੰਗੀਤ ਵਿਦਵਾਨਾਂ ਅਨੁਸਾਰ ਰਾਗ ਬਿਹਾਗੜਾ ਦਾ ਪ੍ਰਮਾਣਿਤ ਸਰੂਪ ਇਸ ਪ੍ਰਕਾਰ ਹੈ :

| | |
|---|---|
| ਥਾਟ | ਬਿਲਾਵਲ |
| ਜਾਤੀ | ਔੜਵ-ਸੰਪੂਰਨ |
| ਵਾਦੀ | ਗੰਧਾਰ |
| ਸੰਵਾਦੀ | ਨਿਸ਼ਾਦ |
| ਸੁਰ | ਆਰੋਹ ਵਿਚ 'ਰੇ' 'ਧ' ਵਰਜਿਤ ਦੋਵੇਂ ਨਿਸ਼ਾਦ ਬਾਕੀ ਸ਼ੁੱਧ |
| ਸਮਾਂ | ਰਾਤ ਦਾ ਦੂਜਾ ਪਹਿਰ |
| ਆਰੋਹ | ਨ਼ੀ ਸਾ ਗ, ਮ ਪ, ਨੀ, ਸਾਂ |
| ਅਵਰੋਹ | ਸਾਂ ਨੀ, ਧ ਪ, ਨੁੀ ਧ ਪ, ਧ ਗ ਮ ਗ, ਰੇ ਸਾ |
| ਮੁੱਖ ਅੰਗ | ਗ ਮ ਪ ਨੁੀ ਧ ਪ, ਧ ਗ ਮ ਗ, ਰੇ ਸ |

**ਸੁਰ ਵਿਸਥਾਰ :** ਸਾ, ਸਾ ਗ, ਰੇ ਸਾ, ਗ ਮ ਗ ਰੇ ਸਾ, ਸਾ ਨ਼ੀ ਪ਼ ਨ਼ੀ, ਨ਼ੀ ਸਾ, ਨ਼ੀ ਸਾ ਰੇ ਸਾ ਸਾ ਨ਼ੀ, ਪ਼ ਨ਼ੀ ਪ਼ ਸਾ, ਪ਼ ਨੀ ਸਾ ਗ, ਗ ਗ ਮ ਗ, ਗ ਮ ਗ ਰੇ, ਸਾ ਨ਼ੀ ਸਾ ਗ ਸਾ, ਸਾ ਰੇ ਸਾ ਨ਼ੀ, ਸਾ ਗ ਗ ਮ ਗ, ਸਾ ਮ ਗ ਮ ਗ, ਪ ਮ ਗ ਰੇ ਸਾ ਰੇ ਸਾ ਨ਼ੀ ਸਾ, ਪ਼ ਨ਼ੀ ਸਾ ਰੇ ਸਾ ਨ਼ੀ, ਪ਼ ਨ਼ੀ ਸਾ ਗ ਮ ਗ ਰੇ ਸਾ, ਗ ਮ ਗ ਮ ਪ, ਧ ਪ ਗ ਮ ਪ, ਨੁੀ ਧ ਪ, ਧ ਮ ਪ, ਗ ਮ ਗ, ਮ ਗ ਰੇ ਸਾ, ਨ਼ੀ ਨ਼ੀ ਸਾ ਗ ਸਾ, ਪ ਪ ਗ ਮ ਗ, ਗ ਮ ਪ ਨੀ ਧ ਪ, ਧ ਨੁੀ ਧ ਪ ਗ ਮ ਗ ਰੇ ਸਾ ਰੇ ਸਾ ਨ਼ੀ ਸਾ ਗ ਸਾ, ਨੁੀ ਧ ਪ, ਗ ਮ

ਗ, ਸਾ, ਨ਼ੀ ਸਾ ਗ ਮ ਪ ਨੀ, ਨੀ ਸਾਂ, ਸਾਂ ਨੀ, ਧ ਪ, ਨ਼ੀ ਧ ਪ, ਧ ਗ ਮ ਗ, ਰੇ ਰੇ ਸਾ, ਗ ਮ ਪ ਨ਼ੀ ਧ ਪ, ਧ ਗ ਮ ਗ ਮ ਗ ਰੇ ਸਾ, ਗ ਮ ਪ ਨੀ ਸਾਂ, ਪ ਨੀ ਸਾਂ ਗਂ ਰੇਂ ਸਾਂ, ਨੀ ਨੀ ਧ ਪ ਗ ਮ ਪ ਨੀ ਸਾਂ ਗਂ ਮਂ ਗਂ ਰੇਂ ਸਾਂ, ਸਾਂ ਨੀ ਧ ਪ, ਧ ਨ਼ੀ ਧ ਪ, ਗ ਮ ਗ, ਨ਼ੀ ਸਾ ਗ ਮ ਪ ਨੀ ਧ ਪ, ਧ ਧ ਪ ਮ ਪ ਗ ਮ ਗ, ਮ ਗ ਰੇ ਗ ਸਾ।

### ਰਾਗ ਬਿਹਾਗੜਾ ਮਹਲਾ ੫ ॥

ਖੋਜਤ ਸੰਤ ਫਿਰਹਿ ਪ੍ਰਭ ਪ੍ਰਾਣ ਅਧਾਰੇ ਰਾਮ ॥
ਤਾਣੁ ਤਨੁ ਖੀਨ ਭਇਆ ਬਿਨੁ ਮਿਲਤ ਪਿਆਰੇ ਰਾਮ ॥
ਪ੍ਰਭ ਮਿਲਹੁ ਪਿਆਰੇ ਮਇਆ ਧਾਰੇ ਕਰਿ ਦਇਆ ਲੜਿ ਲਾਇ ਲੀਜੀਐ ॥
ਦੇਹਿ ਨਾਮੁ ਅਪਨਾ ਜਪਉ ਸੁਆਮੀ ਹਰਿ ਦਰਸ ਪੇਖੇ ਜੀਜੀਐ ॥
ਸਮਰਥ ਪੂਰਨ ਸਦਾ ਨਿਹਚਲ ਊਚ ਅਗਮ ਅਪਾਰੇ ॥
ਬਿਨਵੰਤਿ ਨਾਨਕ ਧਾਰਿ ਕਿਰਪਾ ਮਿਲਹੁ ਪ੍ਰਾਨ ਪਿਆਰੇ ॥੧॥
ਜਪ ਤਪ ਬਰਤ ਕੀਨੇ ਪੇਖਨ ਕਉ ਚਰਣਾ ਰਾਮ ॥
ਤਪਤਿ ਨ ਕਤਹਿ ਬੁਝੈ ਬਿਨੁ ਸੁਆਮੀ ਸਰਣਾ ਰਾਮ ॥
ਪ੍ਰਭ ਸਰਣਿ ਤੇਰੀ ਕਾਟਿ ਬੇਰੀ ਸੰਸਾਰੁ ਸਾਗਰੁ ਤਾਰੀਐ ॥
ਅਨਾਥ ਨਿਰਗੁਨਿ ਕਛੁ ਨ ਜਾਨਾ ਮੇਰਾ ਗੁਣ ਅਉਗਣੁ ਨ ਬੀਚਾਰੀਐ ॥
ਦੀਨ ਦਇਆਲ ਗੋਪਾਲ ਪ੍ਰੀਤਮ ਸਮਰਥ ਕਾਰਣ ਕਰਣਾ ॥
ਨਾਨਕ ਚਾਤ੍ਰਿਕ ਹਰਿ ਬੂੰਦ ਮਾਗੈ ਜਪਿ ਜੀਵਾ ਹਰਿ ਹਰਿ ਚਰਣਾ ॥੨॥
ਅਮਿਅ ਸਰੋਵਰੋ ਪੀਉ ਹਰਿ ਹਰਿ ਨਾਮਾ ਰਾਮ ॥
ਸੰਤਹ ਸੰਗਿ ਮਿਲੈ ਜਪਿ ਪੂਰਨ ਕਾਮਾ ਰਾਮ ॥
ਸਭ ਕਾਮ ਪੂਰਨ ਦੁਖ ਬਿਦੀਰਨ ਹਰਿ ਨਿਮਖ ਮਨਹੁ ਨ ਬੀਸਰੈ ॥
ਆਨੰਦ ਅਨਦਿਨ ਸਦਾ ਸਾਚਾ ਸਰਬ ਗੁਣ ਜਗਦੀਸਰੈ ॥
ਅਗਣਤ ਊਚ ਅਪਾਰ ਠਾਕੁਰ ਅਗਮ ਜਾ ਕੋ ਧਾਮਾ ॥
ਬਿਨਵੰਤਿ ਨਾਨਕ ਮੇਰੀ ਇਛ ਪੂਰਨ ਮਿਲੇ ਸ੍ਰੀਰੰਗ ਰਾਮਾ ॥੩॥
ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥
ਹਰਿ ਹਰਿ ਨਾਮੁ ਜਪਤ ਕੁਲ ਸਗਲੇ ਤਾਰੇ ਰਾਮ ॥
ਹਰਿ ਨਾਮੁ ਜਪਤ ਸੋਹੰਤ ਪ੍ਰਾਣੀ ਤਾ ਕੀ ਮਹਿਮਾ ਕਿਤ ਗਨਾ ॥
ਹਰਿ ਬਿਸਰੁ ਨਾਹੀ ਪ੍ਰਾਨ ਪਿਆਰੇ ਚਿਤਵੰਤਿ ਦਰਸਨੁ ਸਦ ਮਨਾ ॥
ਸੁਭ ਦਿਵਸ ਆਏ ਗਹਿ ਕੰਠਿ ਲਾਏ ਪ੍ਰਭ ਊਚ ਅਗਮ ਅਪਾਰੇ ॥
ਬਿਨਵੰਤਿ ਨਾਨਕ ਸਫਲੁ ਸਭੁ ਕਿਛੁ ਪ੍ਰਭ ਮਿਲੇ ਅਤਿ ਪਿਆਰੇ ॥੪॥੩॥੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 545-46)

ਰਾਗ ਬਿਹਾਗੜਾ ਝਪ ਤਾਲ

| × | | 2 | | | 0 | | 3 | | |
|---|---|---|---|---|---|---|---|---|---|
| **ਸਥਾਈ** | | | | | | | | | |
| ਨੀ | ਸਾਂ | ਨ਼ੀ | ਧ | ਪ | ਪ | ਗ | ਮ | ਗ | ਸ |
| ਖੋ | ऽ | ਜ | ਤ | ਸੰ | ऽ | ਤ | ਫਿ | ਰਹਿ | ऽ |
| ਸਾ | ਸਾ | ਗ | ਮ- | ਪ | ਪ | ਨ਼ੀ | ਧ | ਪ | ਪ |
| ਪ੍ਰ | ਭ | ਪ੍ਰਾ | ਣਅ | ਧਾ | ऽ | ਰੇ | ऽ | ਰਾ | ਮ |
| ਗ | ਮ | ਪ | ਨੀ | ਸਾਂ | ਸਾਂ | ਨੀ | ਸਾਂ | ਸਾਂ | ਸਾਂ |
| ਤ੍ਰਾ | ਣ | ਤਨ | ਨ | ਖੀ | ऽ | ਨੀ | ਭਇ | ਆ | ऽ |
| ਸਾਂ- | ਨ਼ੀ | ਧ | ਪ | ਪ | ਗ | ਮ | ਗ | ਸਾ | ਸਾ |
| ਬਿਨ | ਮਿ | ਲ | ਤ | ਪਿ | ਆ | ਰੇ | ਰਾ | ऽ | ਮ |
| **ਅੰਤਰਾ** | | | | | | | | | |
| ਗਮ | ਪ | ਨੀ | ਨੀ | ਨੀ- | ਸਾਂ | ਰੇਂ- | ਸਾਂ | ਗਂ | ਸਾਂ |
| ਪ੍ਰਭ | ਭ | ਮਿ | ਲਹੁ | ਪਿਆ | ਰੇ | ਮਇ | ਆ | ਧਾ | ਰੇ |
| ਨ਼ੀਨ਼ੀ | ਧਧ | ਮ- | ਪ | ਪ | ਗ | ਮ | ਗ | ਸਾ- | ਸਾ |
| ਕਃ | ਰਃ | ਦਇ | ਆ | ਲ | ੜਿ | ਲਾ | ਇ | ਲੀਜੀ | ਐ |
| ਗ | ਮ | ਪ | ਨੀ | ਸਾਂ- | ਗਂ | ਗਂ- | ਸਾਂ | ਸਾਂ | ਸਾਂ |
| ਦੇ | ਹ | ਨਾ | ਮੁ | ਅਪ | ਨਾ | ਜਪ | ਉ | ਸੁਆ | ਮੀ |
| ਨ਼ੀ | ਧ | ਪ | ਪ | ਪ | ਗ | ਮ | ਗ | ਸਾ | ਸਾ |
| ਹ | ਰ | ਦ | ਰ | ਸ | ਪੇ | ਖੇ | ਜੀ | ਜੀ | ਐ |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 8. ਰਾਗੁ ਵਡਹੰਸ

ਗੁਰਮਤਿ ਸੰਗੀਤ ਵਿਚ ਰਾਗ ਵਡਹੰਸ ਦਾ ਪ੍ਰਯੋਗ ਸ਼ਾਸਤਰੀ ਸੰਗੀਤ ਲਈ ਵੀ ਕੀਤਾ ਗਿਆ ਹੈ ਤੇ ਲੋਕ ਸੰਗੀਤ (ਲੋਕ ਧੁਨਾਂ) ਘੋੜੀਆਂ, ਅਲਾਹੁਣੀਆਂ ਆਦਿ ਲਈ ਵੀ ਕੀਤਾ ਗਿਆ ਹੈ। ਇਸ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

ਸੰਗੀਤਕਾਰਾਂ ਨੇ ਵਡਹੰਸ ਰਾਗ ਦਾ ਵਰਗੀਕਰਨ ਖਮਾਜ ਥਾਟ ਦੇ ਅੰਤਰਗਤ ਕੀਤਾ ਹੈ। ਇਸ ਰਾਗ ਦੇ ਵਾਦੀ, ਸੰਵਾਦੀ, ਸਮੇਂ ਬਾਰੇ ਵਿਦਵਾਨਾਂ ਦੇ ਮਤਭੇਦ ਹਨ। ਕਈਆਂ ਨੇ ਇਸ ਦਾ ਵਾਦੀ ਸਵਰ ਰਿਸ਼ਭ ਤੇ ਸੰਵਾਦੀ ਪੰਚਮ ਮੰਨਿਆ। ਕੁਝ ਸੰਗੀਤਕਾਰਾਂ ਨੇ ਪੰਚਮ ਵਾਦੀ ਅਤੇ ਰਿਸ਼ਭ ਸੰਵਾਦੀ ਲਈ ਗਾਉਣ-ਵਜਾਉਣ ਦਾ ਸਮਾਂ ਦੁਪਹਿਰ, ਕੁਝ ਵਿਦਵਾਨਾਂ ਨੇ ਰਾਤ ਦਾ ਦੂਜਾ ਪਹਿਰ, ਇਸ ਦੇ ਆਰੋਹ ਵਿਚ ਗੰਧਾਰ ਵਰਜਿਤ ਦੀ ਪ੍ਰਥਾ ਵੀ ਹੈ। ਇਸ ਰਾਗ ਵਿਚ 'ਧ ਮ, ਪ ਨੀ ਸਾਂ' ਸੁਰਾਵਲੀ ਵਰਤੀ ਜਾਂਦੀ ਹੈ।

ਗੁਰਮਤਿ ਸੰਗੀਤ ਵਿਦਵਾਨਾਂ ਅਨੁਸਾਰ ਵਡਹੰਸ ਰਾਗ ਦਾ ਪ੍ਰਮਾਣਿਕ ਸਰੂਪ ਇਸ ਤਰ੍ਹਾਂ ਹੈ :

| | |
|---|---|
| ਥਾਟ | ਖਮਾਜ |
| ਜਾਤੀ | ਸ਼ਾੜਵ-ਸੰਪੂਰਨ |
| ਵਾਦੀ | ਪੰਚਮ |
| ਸੰਵਾਦੀ | ਰਿਸ਼ਭ |
| ਸਮਾਂ | ਦੁਪਹਿਰ ਦਾ |
| ਸੁਰ | ਆਰੋਹ ਵਿਚ ਗੰਧਾਰ ਵਰਜਿਤ, ਦੋਨੋਂ ਨਿਸ਼ਾਦ, ਬਾਕੀ ਸਾਰੇ ਸ਼ੁੱਧ |
| ਆਰੋਹ | ਸਾ ਰੇ ਮ ਪ, ਧ ਨੁੀ ਪ, ਨੀ ਸਾਂ |
| ਅਵਰੋਹ | ਸਾਂ ਨੁੀ ਪ, ਧ ਮ ਗ ਰੇ, ਸਾ ਨ਼ੀ ਸਾ |
| ਮੁੱਖ ਅੰਗ | ਸਾ ਰੇ ਮ ਪ ਨੁੀ ਪ, ਧ ਮ ਗ ਰੇ, ਸਾ ਨ਼ੀ ਪ਼ ਨ਼ੀ ਸਾ |

**ਸੁਰ ਵਿਸਥਾਰ :** ਸਾ, ਸਾ ਨ਼ੀ ਸਾ, ਸਾ ਧ਼ ਨ਼ੁੀ ਪ਼, ਧ਼ ਨ਼ੁੀ ਪ਼ ਮ਼ ਪ਼ ਨ਼ੀ ਨ਼ੀ ਸਾ, ਸਾ ਰੇ ਨ਼ੀ ਸਾ ਰੇ ਮ ਗ ਸਾ ਰੇ ਨ਼ੁੀ ਧ਼ ਧ਼ ਸਾ, ਰੇ ਰੇ ਸਾ ਨ਼ੀ ਸਾ ਰੇ ਨ਼ੀ ਧ਼, ਧ਼ ਮ਼ ਮ਼ ਪ਼ ਨ਼ੁੀ ਨ਼ੁੀ ਸਾ ਰੇ, ਨ਼ੀ ਸਾ ਰੇ ਮ ਗਰੇ, ਪ਼ ਨੀ ਸਾ, ਨ਼ੀ ਸਾ ਰੇ, ਰੇ ਸਾ ਰੇ ਨ਼ੀ ਸਾ, ਨ਼ੀ ਨ਼ੀ ਸਾ, ਨ਼ੀ ਸਾ ਰੇ ਮ ਪ, ਮ ਗ ਰੇ, ਪ਼ ਨ਼ੀ ਸਾ ਰੇ ਨ਼ੀ ਸਾ ਰੇ ਮ ਪ, ਧ ਧ ਪ ਮ ਪ, ਮ, ਗ ਰੇ ਸਾ ਨ਼ੀ, ਪ਼ ਨ਼ੀ ਸਾ ਰੇ ਨ਼ੀ ਸਾ, ਰੇ ਨ਼ੀ ਸਾ ਰੇ ਮ ਪ, ਮ ਪ, ਮ ਮ ਪ, ਧੁ ਧ ਪ, ਰੇ ਮ ਪ ਨੁੀ ਧ ਨੁੀ ਪ, ਮ ਰੇ ਪ ਮ ਧ ਪ ਨੁੀ ਪ, ਮ ਪ ਧ ਮ ਪ ਧ ਮ ਗ ਰੇ, ਰੇ ਮ ਪ, ਮ ਗ ਰੇ ਧ ਨੁੀ ਧ ਨੁੀ ਧ ਨੁੀ ਪ, ਧ ਨੁੀ ਪ ਧ ਮ ਪ ਮ ਗ ਰੇ, ਮ ਗ ਰੇ, ਪ ਮ ਗ ਰੇ ਸਾ ਨ਼ੀ ਪ਼ ਨ਼ੀ ਸਾ, ਨ਼ੀ ਸਾ ਰੇ ਮ ਪ ਨੁੀ, ਧ ਨੁੀ ਪ, ਰੇ ਮ ਪ ਨੁੀ, ਧ ਨੁੀ ਪ, ਰੇ ਮ ਨੁੀ ਮ, ਧ ਮ ਪ ਨੀ ਨੀ ਸਾਂ, ਸਾਂ ਨੁੀ ਧ ਨੁੀ ਪ, ਮ ਮ ਪ ਨੀ ਨੀ ਸਾਂ ਰੇਂ, ਰੇਂ ਨੀ ਸਾਂ, ਪ ਨੀ ਸਾਂ ਰੇਂ ਧ ਨੁੀ ਪ ਮ ਪ, ਮ ਪ ਸਾਂ ਨੁੀ ਪ, ਧ ਮ ਗ ਰੇ,

ਸਾ ਨ਼ੀ ਧ਼ ਨ਼ੀ ਸਾ, ਨ਼ੀ ਸਾ ਰੇ ਮ ਪ, ਮ ਗ ਰੇ, ਰੇ ਮ ਪ ਧ ਧ ਨ਼ੀ ਪ, ਨ਼ੀ ਮ ਪ ਧ ਮ ਗ ਰੇ, ਰੇ ਮ ਪ ਨੀ ਨੀ ਸਾਂ, ਨੀ ਨੀ ਸਾਂ ਰੇਂ ਨੀ ਸਾਂ ਨ਼ੀ ਪ ਧ ਨ਼ੀ ਪ, ਮ ਪ ਨੀ ਸਾਂ ਰੇਂ ਮੰ ਗੰ ਰੇਂ ਸਾਂ ਨੀ, ਪ ਨੀ ਸਾਂ, ਰੇਂ ਰੇਂ ਸਾਂ ਨ਼ੀ ਧ ਨ਼ੀ ਪ, ਪ ਸ ਪ, ਸਾਂ ਧ ਨ਼ੀ ਪ, ਧ ਮ ਗ ਰੇ ਸਾ ਨ਼ੀ ਪ਼ ਨ਼ੀ ਪ਼ ਸਾ, ਰੇ ਰੇ ਸਾ ਨ਼ੀ ਸਾ।

**ਰਾਗ ਵਡਹੰਸੁ ਮਹਲਾ ੫ ॥**

ਅੰਤਰਜਾਮੀ ਸੋ ਪ੍ਰਭੁ ਪੂਰਾ ॥ ਦਾਨੁ ਦੇਇ ਸਾਧੂ ਕੀ ਧੂਰਾ ॥੧॥
ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ ਤੇਰੀ ਓਟ ਪੂਰਨ ਗੋਪਾਲਾ ॥੧॥ ਰਹਾਉ ॥
ਜਲਿ ਥਲਿ ਮਹੀਅਲਿ ਰਹਿਆ ਭਰਪੂਰੇ ॥ ਨਿਕਟਿ ਵਸੈ ਨਾਹੀ ਪ੍ਰਭੁ ਦੂਰੇ ॥੨॥
ਜਿਸ ਨੋ ਨਦਰਿ ਕਰੇ ਸੋ ਧਿਆਏ ॥ ਆਠ ਪਹਰ ਹਰਿ ਕੇ ਗੁਣ ਗਾਏ ॥੩॥
ਜੀਅ ਜੰਤ ਸਗਲੇ ਪ੍ਰਤਿਪਾਰੇ ॥ ਸਰਨਿ ਪਰਿਓ ਨਾਨਕ ਹਰਿ ਦੁਆਰੇ ॥੪॥੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 563)

**ਰਾਗ ਵਡਹੰਸ** **ਝਪ ਤਾਲ**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| **ਸਥਾਈ** | | | | | | | | | | | | | | | |
| | | | | | | | | ਧਧ | ਧਮ | ਪਨੀ | ਸਾਂ | ਨ਼ੀ | ਧ | ਮਗ | ਰੇ- |
| | | | | | | | | ਕऽ | ਰऽ | ਕਿऽ | ਰऽ | ਪਾ | ऽ | ਪ੍ਰਭऽ | ਭऽ |
| ਧ | ਧ | ਨ਼ੀ | ਪ | ਮ- | ਗ | ਰੇ | - | - | - | ਨ਼ੀ | ਸਾ | ਰੇ | ਰੇ | ਮ | ਪ |
| ਦੀ | ऽ | ਨ | ਦ | ਇਆ | ऽ | ਲਾ | ऽ | ऽ | ऽ | ਤੇ | ਰੀ | ਓ | ऽ | ਟ | ਪੂ |
| ਰੇਂ | ਰੇਂ | ਨੀ | ਸਾਂ | ਧਧ | ਪਮ | ਮਗ | ਰੇ- | | | | | | | | |
| ਰ | ਨ | ਗੋ | ऽ | ਪਾऽ | ऽऽ | ਲਾऽ | ऽऽ | | | | | | | | |
| **ਅੰਤਰਾ** | | | | | | | | | | | | | | | |
| | | | | | | | | | | ਮ- | ਪ- | ਨੀ | ਨੀ | ਸਾਂ | ਸਾਂ |
| | | | | | | | | | | ਅੰऽ | ਤਰ | ਜਾ | ऽ | ਮੀ | ऽ |
| ਧ | ਨ਼ੀ | ਪ | ਪ | ਪਨੀ | ਸਾਂਰੇਂ | ਰੇਂ | ਸਾਂ | - | - | ਨੀ | ਸਾਂ | ਰੇਂ | ਮੰ | ਗੰ | ਰੇਂ |
| ਸੋ | ऽ | ਪ੍ਰ | ਭ | ਪੂऽ | ऽऽ | ਰਾ | ऽ | ऽ | ऽ | ਦਾ | ਨ | ਦੇ | ਇ | ऽ | ऽ |
| ਨੀ | ਸਾਂ | ਨੀ | ਸਾਂ | ਧਧ | ਪਮ | ਮਗ | ਰੇ- | | | | | | | | |
| ਸਾ | ਧੂ | ਕੀ | ऽ | ਧੂऽ | ऽऽ | ਰਾऽ | ऽऽ | | | | | | | | |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 9. ਰਾਗੁ ਸੋਰਠਿ

ਸੋਰਠਿ ਤਾਮਿ ਸੁਹਾਵਣੀ ਜਾ ਹਰਿ ਨਾਮ ਢੰਢੋਲ।
ਗੁਰ ਪੁਰਖ ਮਨਾਵੈ ਆਪਣਾ ਗੁਰਮਤੀ ਹਰਿ ਹਰਿ ਬੋਲੇ।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 642)

ਇਸ ਰਾਗ ਵਿਚ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਰਚੀ ਹੈ। ਇਹ ਰਾਗ ਗੰਭੀਰ ਪ੍ਰਕ੍ਰਿਤੀ ਦਾ ਵੈਰਾਗਮਈ ਰਾਗ ਹੈ ਜੋ ਭਗਤੀ ਭਾਵ ਦੀਆਂ ਰਚਨਾਵਾਂ ਲਈ ਢੁਕਵਾਂ ਹੈ। ਇਸ ਰਾਗ ਵਿਚ ਗੰਧਾਰ ਸਵਰ ਦਾ ਪ੍ਰਯੋਗ ਢੰਗ ਨਾਲ ਕੀਤਾ ਜਾਂਦਾ ਹੈ। ਕੁਝ ਸੰਗੀਤਕਾਰ ਕੋਮਲ ਗੰਧਾਰ ਦੀ ਵੀ ਵਰਤੋਂ ਕਰਦੇ ਹਨ। ਸ਼ੁੱਧ ਗੰਧਾਰ ਕੇਵਲ ਮਧਿਅਮ ਤੋਂ ਰਿਸ਼ਭ ਉੱਪਰ ਮੀਂਡ ਨਾਲ ਆਉਣ ਸਮੇਂ ਹੀ ਲਿਆ ਜਾ ਸਕਦਾ ਹੈ। ਇਸ ਵਿਚ ਦੋਵੇਂ ਨਿਸ਼ਾਦ ਵਰਤੇ ਜਾਂਦੇ ਹਨ।

ਇਸ ਰਾਗ ਦਾ ਸਰੂਪ ਗੁਰਮਤਿ ਸੰਗੀਤ ਵਿਦਵਾਨਾਂ ਅਨੁਸਾਰ ਇਸ ਪ੍ਰਕਾਰ ਨਿਸ਼ਚਿਤ ਕੀਤਾ ਗਿਆ ਹੈ :

| | |
|---|---|
| ਥਾਟ | ਖਮਾਜ |
| ਜਾਤੀ | ਔੜਵ-ਸੰਪੂਰਨ |
| ਵਾਦੀ | ਰਿਸ਼ਭ |
| ਸੰਵਾਦੀ | ਧੈਵਤ |
| ਸਮਾਂ | ਰਾਤ ਦਾ ਦੂਸਰਾ ਪਹਿਰ |
| ਸੁਰ | ਦੋਨੋਂ ਨਿਸ਼ਾਦ, ਬਾਕੀ ਸਾਰੇ ਸ਼ੁੱਧ, ਆਰੋਹ ਵਿਚ ਗੰਧਾਰ ਤੇ ਧੈਵਤ ਵਰਜਿਤ, ਅਵਰੋਹ ਵਿਚ 'ਗੰਧਾਰ' ਦਾ ਪ੍ਰਯੋਗ ਕੇਵਲ ਮੀਂਡ ਦੁਆਰਾ |
| ਆਰੋਹ | ਸਾ ਰੇ, ਮ ਪ, ਨੀ ਸਾਂ |
| ਅਵਰੋਹ | ਸਾਂ ਰੇਂ ਨੀ̱ ਧ, ਮ ਪ ਧ ਮ $^{ਗ}$ਰੇ ਨ਼ੀ ਸਾ |
| ਮੁੱਖ ਅੰਗ | ਸਾ ਰੇ, ਮ ਪ, ਨੀ̱ ਧ, ਪ, ਧ ਮ, $^{ਗ}$ਰੇ ਨ਼ੀ ਸਾ |

**ਸੁਰ ਵਿਸਥਾਰ :** ਸਾ, ਰੇ ਸਾ ਨ਼ੀ ਸਾ, ਨ਼ੀ ਨ਼ੀ ਸਾ, ਸਾ ਨ਼ੀ̱ ਧ਼ ਪ਼, ਧ਼ ਮ਼ ਪ਼ ਧ਼ ਪ਼, ਮ਼ ਪ਼ ਨ਼ੀ ਨ਼ੀ ਸਾ, ਨ਼ੀ ਸਾ ਰੇ, ਨ਼ੀ̱ ਧ਼ ਪ਼, ਮ਼ ਪ਼ ਨ਼ੀ ਸਾ ਰੇ ਸਾ, ਸਾ ਰੇ ਨ਼ੀ ਸਾ ਰੇ ਮ $^{ਗ}$ਰੇ, ਸਾ ਰੇ ਨ਼ੀ ਸਾ, ਸਾ ਰੇ ਮ, ਮ ਰੇ, ਸਾ ਰੇ ਮ ਪ, ਰੇ ਮ ਪ, ਰੇ ਮ ਪ ਧ ਪ, ਧ ਧ ਧ ਪ ਮ ਰੇ, ਰੇ ਮ ਪ ਧ ਮ ਪ ਧ ਮ ਰੇ ਨ਼ੀ ਸਾ, ਨ਼ੀ ਸਾ ਰੇ ਮ ਪ, ਧ ਮ ਪ ਨੀ ਨੀ ਸਾਂ, ਪ ਧ ਮ ਪ ਸਾਂ ਪ ਧ ਮ ਰੇ, ਰੇ ਮ ਪ ਧ ਪ ਧ ਮ ਪ, ਨੀ ਸਾਂ, ਪ ਨੀ ਸਾਂ ਰੇਂ ਸਾਂ ਨੀ̱ ਧ ਪ, ਸਾਂ ਨੀ ਧ ਧ, ਨੀ̱ ਨੀ̱ ਧ ਪ ਧ ਮ ਰੇ, ਮ ਰੇ ਨ਼ੀ ਸਾਂ, ਨ਼ੀ ਸਾ ਰੇ ਮ ਰੇ, ਮ ਮ ਪ, ਧ ਮ ਪ, ਨੀ̱ ਧ ਪ, ਧ ਧ ਪ ਮ ਪ ਨੀ ਨੀ ਸਾਂ, ਸਾਂ ਰੇਂ ਮਂ ਰੇਂ, ਮ ਰੇਂ ਨੀ ਸਾਂ, ਨੀ ਨੀ ਸਾਂ ਰੇਂ, ਸਂ ਰੇਂ ਸਾਂ ਰੇਂ ਸਾਂ, ਸਾਂ ਨੀ̱ ਧ ਪ, ਸਾਂ ਰੇਂ ਸਾਂ ਰੇਂ ਨੀ̱ ਧ ਪ, ਮ ਪ ਨੀ ਸਾਂ, ਪ ਧ ਮ ਰੇ, ਮ ਮ ਰੇ ਸਾ ਰੇ ਰੇ ਸਾ ਨ਼ੀ, ਪ਼ ਨੀ ਸਾ, ਸਾ ਮ ਰੇ, ਰੇ ਮ ਰੇ ਸਾ ਰੇ ਨ਼ੀ ਨ਼ੀ ਸਾ।

### ਰਾਗ ਸੋਰਠਿ ਮਹਲਾ ੯ ॥

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੇ ਕੰਚਨ ਮਾਟੀ ਮਾਨੈ ॥੧॥ ਰਹਾਉ ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 633-34)

**ਰਾਗ ਸੋਰਠਿ** **ਤਿੰਨ ਤਾਲ**

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | | | |
| | | | | | | | | ਰੇਮ | ਪਧ | ਮ | ਪ | ਨੀ | ਨੀ | ਸਾਂ | ਸਾਂ |
| | | | | | | | | ਜੋਂऽ | ऽऽ | ਨ | ਰ | ਦੁ | ਖ | ਮੈ | ऽ |
| ਪਨੀ | ਸਾਂਰੇਂ | ਨੀਸਾਂ | ਧਮ | ਧ | ਮ | ਮ | ਰੇ | ਨ਼ੀ | ਨ਼ੀ | ਨ਼ੀ | ਨ਼ੀ | ਸਾ | ਸਾ | ਸਾ | ਸਾ |
| ਦੁऽ | ਖੁਤ | ਨऽ | ਹੀऽ | ਮਾ | ऽ | ਨੈ | ऽ | ਸੁ | ਖ | ऽ | ਸ | ਨੇ | ਹੁ | ਅ | ਰ |
| ਰੇਮ | ਮ | ਪ | ਮ | ਪ | - | ਪ | - | ਰੇਮ | ਪਨੀ | ਸਾਂਰੇਂ | ਸਾਂਨ਼ੀ | ਧ | ਪ | ਧ | ਮ |
| ਭੈऽ | ऽ | ਨ | ਹੀ | ਜਾ | ऽ | ਕੈ | ऽ | ਕੰऽ | ऽऽ | ਚऽ | ਨऽ | ਮਾ | ऽ | ਟੀ | ऽ |
| ਸਾ | - | - | - | ਸਰੇ | - | ਸਾ | - | | | | | | | | |
| ਮਾ | ऽ | ऽ | ऽ | ਨੈ | ऽ | ऽ | ऽ | | | | | | | | |
| **ਅੰਤਰਾ** | | | | | | | | | | | | | | | |
| | | | | | | | | ਰੇ | ਮ | ਪ | ਨੀ | ਪ | ਨੀ | ਸਾਂ | ਸਾਂ |
| | | | | | | | | ਨ | ਹ | ਨਿੰ | ਦਿ | ਆ | ऽ | ਨ | ਹ |
| ਰੇਂ | - | ਨੀ- | ਨੀ | ਸਾਂ | ਰੇਂ | ਸਾਂ | ਸਾਂ | ਨੀ | ਸਾਂ | ਰੇਂ | ਮੰ- | ਗਰੇਂ | ਗਰੇਂ | ਸਾਂ- | ਸਾਂ |
| ਉ | - | ਸਤ | ਤਿ | ਜਾ | ऽ | ਕੈ | ऽ | ਲੋ | ऽ | ਭ | ਮੋऽ | ऽ | ਹ | ਅऽ | ਭਿ |
| ਨੀ | ਸਾਂ | ਨ਼ੀਧ | ਪ | ਮਪ | ਸਾਂਨੀ | ਸਾਂ | - | ਸਾਂ | ਰੇਂ | ਨ਼ੀ | ਨ਼ੀ | ਧ | ਧ | ਪ | ਪ |
| ਮਾ | ऽ | ऽऽ | ऽ | ਨਾऽ | ऽऽ | ऽ | ऽ | ਹ | ਰ | ਖ | ਸੋ | ऽ | ਗ | ਤੇ | ऽ |
| ਪ | ਧ | ਮ | ਮ | ਗਰੇ | ਗਰੇ | ਸਾ | - | ਨ਼ੀ | ਨ਼ੀ | ਸਾ | ਸਾ | ਰੇ | ਰੇ | ਮ | ਪ |
| ਰ | ਹੈ | ऽ | ਨਿ | ਆ | ऽ | ਰਓ | ऽ | ਨਾ | ऽ | ਹਿ | ऽ | ਮਾ | ਨ | ਅ | ਪ |
| ਪਮ | ਪਨੀ | ਸਾਂਰੇਂ | ਸਾਂਨ਼ੀ | ਧਪ | ਧਮ | ਰੇਰੇ | ਸਾ- | | | | | | | | |
| ਮਾऽ | ऽऽ | ऽऽ | ऽऽ | ਨਾऽ | ऽऽ | ऽऽ | ऽऽ | | | | | | | | |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 10. ਰਾਗੁ ਧਨਾਸਰੀ

ਰਾਗ ਧਨਾਸਰੀ ਦੀ ਭਾਰਤੀ ਸੰਗੀਤ ਦੇ ਅਪ੍ਰਚਲਿਤ ਰਾਗਾਂ ਵਿਚ ਗਣਨਾ ਕੀਤੀ ਜਾਂਦੀ ਹੈ। ਇਹ ਬੜਾ ਪੁਰਾਤਨ ਤੇ ਮਧੁਰ ਰਾਗ ਹੈ। ਗੁਰਮਤਿ ਸੰਗੀਤ ਵਿਚ ਸਾਰੇ ਭਗਤਾਂ ਦੀ ਆਰਤੀ ਇਸੇ ਰਾਗ ਵਿਚ ਹੁੰਦੀ ਹੈ। ਇਸ ਰਾਗ ਵਿਚ ਗੁਰੂ ਅੰਗਦ ਦੇਵ ਜੀ ਤੋਂ ਬਿਨਾਂ ਬਾਕੀ ਸਾਰੇ ਗੁਰੂਆਂ, ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਰਚੀ ਗਈ ਹੈ। ਇਸ ਰਾਗ ਨੂੰ ਤਿੰਨ ਪ੍ਰਕਾਰ – ਕਾਫੀ ਥਾਟ, ਭੈਰਵੀ ਥਾਟ ਅਤੇ ਪਟਦੀਪ ਅੰਗ ਨਾਲ ਗਾਇਨ ਕਰਨ ਦੀ ਪਰੰਪਰਾ ਹੈ।

ਗੁਰਮਤਿ ਸੰਗੀਤ ਵਿਦਵਾਨਾਂ ਅਨੁਸਾਰ, ਰਾਗ ਧਨਾਸਰੀ ਦਾ ਪ੍ਰਮਾਣਿਕ ਸਰੂਪ ਨਿਮਨਲਿਖਤ ਹੈ :

| | |
|---|---|
| ਥਾਟ | ਕਾਫੀ |
| ਜਾਤੀ | ਔੜਵ-ਸੰਪੂਰਨ |
| ਵਾਦੀ | ਪੰਚਮ |
| ਸੰਵਾਦੀ | ਸ਼ੜਜ |
| ਸਮਾਂ | ਦਿਨ ਦਾ ਤੀਸਰਾ ਪਹਿਰ |
| ਸੁਰ | ਗੰਧਾਰ ਤੇ ਨਿਸ਼ਾਦ ਕੋਮਲ, ਬਾਕੀ ਸ਼ੁੱਧ, ਰਿਸ਼ਭ ਅਤੇ ਧੈਵਤ ਆਰੋਹ ਵਿਚ ਵਰਜਿਤ |
| ਆਰੋਹ | ਸਾ ਗੁ, ਮ ਪ, ਨੁ ਸਾਂ |
| ਅਵਰੋਹ | ਸਾਂ ਨੁ ਧ ਪ, ਮ ਪ ਗੁ, ਰੇ ਸਾ |
| ਮੁੱਖ ਅੰਗ | ਨ਼ੁ, ਸਾ ਗੁ, ਮ ਪ, ਨੁ ਧ ਪ, ਮ ਪ ਗੁ, ਰੇ ਸਾ |

**ਸੁਰ ਵਿਸਥਾਰ** : ਸਾ, ਪ਼ ਨ਼ੁ ਸਾ, ਨ਼ੁ ਨ਼ੁ ਸਾ ਗੁ ਮ ਗੁ, ਪ਼ ਨ਼ੁ ਸਾ ਗੁ ਰੇ ਸਾ ਨ਼ੁ, ਪ਼ ਨ਼ੁ, ਸਾ ਗੁ ਮ ਗੁ, ਗੁ ਮ ਪ, ਗੁ ਮ ਗੁ ਰੇ ਸਾ, ਸਾ ਗੁ ਮ ਪ, ਗੁ ਮ ਗੁ ਸਾ, ਸਾ ਗੁ ਮ ਪ, ਨੁ ਧ ਪ, ਨੁ ਧ ਪ ਮ ਪ ਗੁ ਮ ਗੁ ਰੇ ਸਾ, ਗੁ ਗੁ ਮ ਪ ਨੁ ਸਾਂ, ਪ ਨੀ ਸਾਂ ਗੁਂ ਰੇਂ ਨੀ ਨੀ ਸਾਂ, ਸਾਂ ਨੁ ਧ ਪ, ਮ ਪ ਨੁ ਧ ਪ ਮ ਪ, ਪ ਮ ਪ, ਗੁ ਮ ਪ ਨੁ ਪ ਨ਼ੁ, ਨੁ ਨੁ ਧ ਪ, ਮ ਪ, ਗੁ ਮ ਪ ਨੁ ਪ ਨੁ ਸਾਂ, ਪ ਨੀ ਸਾਂ ਗੁਂ ਰੇਂ ਸਾਂ, ਰੇਂ ਨੁ ਸਾਂ ਨੁ ਧ ਪ, ਧ ਮ ਪ ਨੁ ਧ ਧ, ਮ ਪ, ਗੁ ਮ ਗੁ ਰੇ ਸਾ, ਰੇ ਰੇ ਸਾ ਨ਼ੁ ਸਾ ਗੁ ਮ ਪ, ਪ ਪ ਮ ਪ, ਗੁ ਮ ਪ ਨੁ ਧ ਪ, ਧ ਧ ਪ ਮ ਪ ਨੁ ਧ ਪ, ਗੁ ਮ ਪ ਗ ਮ ਗੁ, ਰੇ ਸਾ, ਨ਼ੁ ਸਾ ਗੁ, ਮ ਪ ਨੁ ਧ ਪ, ਮ ਪ ਗੁ, ਮ ਗੁ ਰੇ ਸਾ।

ੴ ਸਤਿਗੁਰ ਪ੍ਰਸਾਦਿ॥

ਰਾਗ ਧਨਾਸਰੀ ਮਹਲਾ ੯॥

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥੧॥ ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥੧॥

ਬਾਹਿਰ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥੨॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 684)

**ਰਾਗ ਧਨਾਸਰੀ** **ਤਿੰਨ ਤਾਲ**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| **ਸਥਾਈ** | | | | | | | | | | | | | | | |
| | | | | | | | | ਪਨੀ | ਸਾਂਨੀ | ਧ | ਪ | ਮ | ਪ | ਗੁ | ਮ |
| | | | | | | | | ਕਾऽ | ऽऽ | ਹੇ | ऽ | ਰੇ | ऽ | ਬ | ਨ |
| ਪ | ਪ | ਗੁ | ਮ | ਗੁ | ਰੇ | ਸਾ | ਸਾ | ਨ਼ੀ | ਸਾ | ਗੁ | ਮ | ਪ | ਪ | ਪ | ਪ |
| ਖੋ | ऽ | ਜ | ਨ | ਜਾ | ऽ | ਈ | ऽ | ਸ | ਰ | ਬ | ਨਿ | ਵਾ | ऽ | ਸੀ | ऽ |
| ਗੁ | ਮ | ਪ | ਨੀ | ਧ | ਪ | ਮ | ਪ | ਪ | ਨੀ | ਸਾਂ | ਗੁਂ | ਰੇਂ | ਰੇਂ | ਸਾਂ | ਸਾਂ |
| ਸ | ਦਾ | ऽ | ਅ | ਲੇ | ऽ | ਪਾ | ऽ | ਤੋ | ऽ | ਹੀ | ऽ | ਸੰ | ऽ | ਗ | ਸ |
| ਪਨੀ | ਸਾਂਨੀ | ਧਪ | ਮਪ | ਗੁਮ | ਪਮ | ਗੁਰੇ | ਸਾऽ | | | | | | | | |
| ਮਾऽ | ऽऽ | ऽऽ | ऽऽ | ਈਂऽ | ऽऽ | ऽऽ | ऽऽ | | | | | | | | |
| **ਅੰਤਰਾ** | | | | | | | | | | | | | | | |
| | | | | | | | | – | ਪ | ਪ | ਪ | ਮ | ਪ | ਗੁ | ਮ |
| | | | | | | | | – | ਪੁ | ਹ | ਪ | ਮ | ਧਿ | ਜਿ | ਉ |
| ਪ | – | ਨੀ | ਨੀ | ਸਾਂ | ਸਾਂ | ਸਾਂ | – | ਪ | ਨੀ | ਸਾਂ | ਗੁਂ | ਰੇਂ | ਰੇਂ | ਸਾਂ | ਸਾਂ |
| ਬਾ | ऽ | ਸੁ | ਬ | ਸ | ਤੁ | ਹੈ | ऽ | ਮੁ | ਕ | ਰ | ਮਾ | ਹਿ | ऽ | ਜੈ | ਸੇ |
| ਨੀ | – | ਸਾਂ | ਨੀਧ | ਗੁ | ਮ | ਪ | ਪ | ਪਨੀ | ਸਾਂਨੀ | ਧ | ਧ | ਮ | ਪ | ਗੁ | ਮ |
| ਛਾ | ऽ | ਈ | ऽऽ | ऽ | ऽ | ऽ | ऽ | ਤੈऽ | ऽऽ | ਸੇ | ऽ | ਹੀ | ऽ | ਹ | ਰਿ |
| ਪ | – | ਗੁ | ਮ | ਗੁ | ਰੇ | ਸਾ | ਸਾ | ਨ਼ੀ | ਸਾ | ਗੁ | ਮ | ਪ | – | ਗੁ | ਮ |
| ਬ | ਸੇ | ऽ | ਨਿ | ਰੰ | ऽ | ਤ | ਰਿ | ਘ | ਟ | ਹੀ | ऽ | ਖੋ | ऽ | ਜ | ਹੁ |
| ਪਨੀ | ਸਾਂਨੀ | ਧਪ | ਮਪ | ਗੁਮ | ਪਮ | ਗੁਰੇ | ਸਾ– | | | | | | | | |
| ਭਾऽ | ऽऽ | ऽऽ | ऽऽ | ਈਂऽ | ऽऽ | ऽऽ | ऽऽ | | | | | | | | |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 11. ਰਾਗੁ ਜੈਤਸਰੀ

ਸੰਸਕ੍ਰਿਤ ਗ੍ਰੰਥਾਂ ਵਿਚ ਜੈਤਸਰੀ ਰਾਗ ਨੂੰ ਜੈਸ੍ਰੀ, ਜਯੰਤ ਸ੍ਰੀ ਆਦਿਕ ਨਾਵਾਂ ਨਾਲ ਸਬੰਧਿਤ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਭਾਰਤੀ ਸੰਗੀਤ ਵਿਚ ਵੀ ਇਸ ਰਾਗ ਦਾ ਨਾਮ ਜੈਤਸਰੀ ਹੈ। ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਇਹ ਰਾਗ ਪੂਰਬੀ ਥਾਟ ਦਾ ਰਾਗ ਹੈ। ਜੈਤ ਅਤੇ ਸ੍ਰੀ ਰਾਗ ਦੇ ਮਿਸ਼ਰਣ ਨਾਲ ਇਹ ਰਾਗ ਬਣਿਆ। ਦੂਸਰੇ ਪ੍ਰਕਾਰ ਨਾਲ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਪੂਰਬੀ ਰਾਗ ਦੇ ਆਰੋਹ ਵਿਚੋਂ ਰਿਸ਼ਭ ਤੇ ਧੈਵਤ ਨੂੰ ਵਰਜਿਤ ਕਰਨ ਨਾਲ ਤੇ 'ਪ ਗ ਰੇ ਸਾ' ਅਤੇ 'ਮੇ ਧੁ ਮੇ ਗ' ਸਵਰਾਂ ਦੇ ਸਮੂਹ ਨੂੰ ਵਾਰ-ਵਾਰ ਗਾਉਣ-ਵਜਾਉਣ ਨਾਲ ਇਹ ਰਾਗ ਬਣ ਜਾਂਦਾ ਹੈ। ਇਸ ਰਾਗ ਦਾ ਵਿਸਥਾਰ ਮੱਧ ਤੇ ਤਾਰ ਸਪਤਕ ਵਿਚ ਕੀਤਾ ਜਾਂਦਾ ਹੈ। ਇਸ ਰਾਗ ਦੇ ਵਾਦੀ-ਸੰਵਾਦੀ ਬਾਰੇ ਵੀ ਮਤਭੇਦ ਹਨ। ਕਈ ਵਿਦਵਾਨ ਗੰਧਾਰ ਵਾਦੀ ਤੇ ਨਿਸ਼ਾਦ ਨੂੰ ਸੰਵਾਦੀ ਮੰਨਦੇ ਹਨ ਤੇ ਕੁਝ ਪੰਚਮ ਨੂੰ ਵਾਦੀ ਸ਼ੜਜ ਨੂੰ ਸੰਵਾਦੀ ਮੰਨਦੇ ਹਨ। ਇਸ ਰਾਗ ਵਿਚ ਗੰਧਾਰ ਵਾਦੀ ਤੇ ਨਿਸ਼ਾਦ ਸੰਵਾਦੀ ਸਵਰ ਮੰਨਣਾ ਠੀਕ ਹੈ ਕਿਉਂਕਿ ਸਵਰ ਸਮੂਹ 'ਮ ਗ ਮੇ' ਅਤੇ 'ਪ ਗ ਰੇ ਸਾ' ਹੈ। ਨਿਆਸ ਸਵਰ ਗੰਧਾਰ ਤੇ ਪੰਚਮ ਹੈ।[7]

ਜੈਤਸਰੀ ਰਾਗ ਦਾ ਸਰੂਪ ਗੁਰਮਤਿ ਸੰਗੀਤ ਵਿਦਵਾਨਾਂ ਅਨੁਸਾਰ ਇਸ ਪ੍ਰਕਾਰ ਪ੍ਰਮਾਣਿਤ ਕੀਤਾ ਗਿਆ ਹੈ :

| | |
|---|---|
| ਥਾਟ | ਪੂਰਬੀ |
| ਜਾਤੀ | ਔੜਵ-ਸੰਪੂਰਨ |
| ਵਾਦੀ | ਗੰਧਾਰ |
| ਸੰਵਾਦੀ | ਨਿਸ਼ਾਦ |
| ਸਮਾਂ | ਦਿਨ ਦਾ ਚੌਥਾ ਪਹਿਰ |
| ਸੁਰ | ਰਿਸ਼ਭ ਧੈਵਤ, ਕੋਮਲ ਅਤੇ ਮਧਿਅਮ ਤੀਵਰ, ਬਾਕੀ ਸ਼ੁੱਧ ਆਰੋਹ ਵਿਚ ਰਿਸ਼ਭ ਤੇ ਧੈਵਤ ਵਰਜਿਤ |
| ਆਰੋਹ | ਸਾ ਗ, ਮੇ ਪ, ਨੀ ਸਾਂ |
| ਅਵਰੋਹ | ਸਾਂ ਨੀ ਧੁ ਪ, ਮੇ ਗ, ਰੇ ਸਾ |
| ਮੁੱਖ ਅੰਗ | ਸਾ, ਗ, ਪ, ਮੇ ਧੁ ਪ, ਮੇ ਗ, ਮੇ ਗ, ਰੇ ਸਾ |

**ਸੁਰ ਵਿਸਥਾਰ** : ਸਾ ਸਾ, ਨ਼ੀ ਸਾ, ਸਾ ਨ਼ੀ ਧ਼ ਪ਼, ਮ਼ੇ ਪ਼ ਮ਼ੇ ਧ਼ ਪ਼, ਮ਼ੇ ਧ਼ ਧ਼ ਪ਼ ਨੀ ਨ਼ੀ ਸਾ, ਮ਼ੇ ਪ਼ ਨ਼ੀ ਸਾ ਰੇ ਰੇ ਸਾ, ਨ਼ੀ ਰੇ ਸਾ, ਨ਼ੀ ਸਾ ਗ, ਗ ਗ ਰੇ ਸਾ ਨ਼ੀ ਸਾ ਗ, ਰੇ ਰੇ ਸਾ ਨ਼ੀ ਸਾ ਗ, ਨ਼ੀ ਸਾ ਗ ਮੇ ਪ, ਪ ਮੇ ਪ ਮੇ ਗ, ਮੇ ਗ ਰੇ ਸਾ, ਨ਼ੀ ਸਾ ਗ, ਸਾ ਸਾ ਗ ਮੇ ਮੇ ਗ, ਮੇ ਗ ਰੇ ਸਾ, ਸਾ ਗ ਗ ਪ, ਮੇ ਧੁ ਪ, ਪ ਪ ਧੁ ਪ, ਧੁ ਮੇ ਪ ਮੇ ਗ, ਧੁ ਮੇ ਗ, ਰੇ, ਸਾ ਨ਼ੀ ਨ਼ੀ ਸਾ, ਪ ਪ ਮੇ ਧੁ ਪ, ਧੁ ਮੇ ਪ ਪੇ ਗ ਰੇ, ਪ ਗ ਰੇ ਸਾ, ਨ਼ੀ ਸਾ ਗ, ਮੇ ਮੇ ਗ, ਮੇ ਮੇ ਧੁ ਧੁ ਪ, ਮੇ ਧੁ ਨੀ ਧੁ ਪ, ਮੇ ਧੁ ਮੇ ਗ, ਪ ਗ ਰੇ ਸਾ, ਰੇ ਸਾ, ਨ਼ੀ ਸਾ ਗ ਮੇ ਮੇ ਗ, ਮੇ ਧੁ ਪ, ਮੇ ਪ ਸਾਂ ਨੀ ਧੁ ਪ, ਮੇ ਮੇ ਪ ਨੀ ਧੁ ਪ, ਮੇ ਧੁ ਮੇ ਗ ਮੇ ਗ ਗ ਪ ਧੁ ਪ ਮੇ ਗ, ਪ ਗ, ਰੇ, ਨ਼ੀ ਰੇ ਸਾ, ਨ਼ੀ ਸਾ, ਨ਼ੀ ਰੇ ਸਾ ਗ, ਰੇ ਸਾ, ਪ ਪ ਮੇ ਧੁ ਪ ਮੇ ਗ, ਮੇ ਧੁ ਪ ਨੀ ਸਾਂ, ਸਾਂ

ਨੀ ਸਾਂ, ਪ ਨੀ ਸਾਂ ਰੇ॒ ਸਾਂ, ਨੀ ਸਾਂ, ਸਾਂ ਰੇ॒ਂ ਨੀ ਸਾਂ, ਮ॑ ਪ ਨੀ ਸਾਂ ਰੇ॒ਂ ਰੇ॒ਂ ਸਾਂ, ਗਂ ਰੇ॒ਂ ਸਾਂ, ਗਂ ਗਂ ਰੇ॒ਂ ਸਾਂ ਨੀ ਸਾਂ ਗਂ ਮ॑ਂ, ਮ॑ਂ ਗਂ, ਰੇ॒ਂ ਸਾਂ, ਰੇਂ ਰੇਂ ਨੀ ਧ॒ ਪ, ਮ॑ ਪ ਸਾਂ ਨੀ ਧ॒ ਪ, ਨੀ ਧ॒ ਪ, ਮ॑ ਪ ਮ॑ ਧ॒ ਪ, ਮ॑ ਗ ਮ॑ ਗ, ਪ ਗ ਰੇ॒ ਸਾ, ਨ਼ੀ ਨ਼ੀ ਰੇ॒ ਰੇ॒ ਸਾ ਸਾ, ਸਾ, ਸਾਂ ਨੀ ਧ॒ ਪ, ਧ॒ ਮ॑ ਪ, ਮ॑ ਗ ਰੇ॒ ਸਾ।

**ਰਾਗ ਜੈਤਸਰੀ ਮਹਲਾ ੫॥**

ਆਏ ਅਨਿਕ ਜਨਮ ਭ੍ਰਮਿ ਸਰਣੀ॥
ਉਧਰੁ ਦੇਹ ਅੰਧ ਕੂਪ ਤੇ ਲਾਵਹੁ ਅਪੁਨੀ ਚਰਣੀ॥੧॥ ਰਹਾਉ॥
ਗਿਆਨੁ ਧਿਆਨੁ ਕਿਛੁ ਕਰਮੁ ਨ ਜਾਨਾ ਨਾਹਿਨ ਨਿਰਮਲ ਕਰਣੀ॥
ਸਾਧ ਸੰਗਤਿ ਕੈ ਅੰਚਲਿ ਲਾਵਹੁ ਬਿਖਮ ਨਦੀ ਜਾਇ ਤਰਣੀ॥੧॥
ਸੁਖ ਸੰਪਤਿ ਮਾਇਆ ਰਸ ਮੀਠੇ ਇਹ ਨਹੀ ਮਨ ਮਹਿ ਧਰਣੀ॥
ਹਰਿ ਦਰਸਨ ਤ੍ਰਿਪਤਿ ਨਾਨਕ ਦਾਸ ਪਾਵਤ ਹਰਿ ਨਾਮ ਰੰਗ ਆਭਰਣੀ॥੨॥੮॥੧੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 702)

**ਰਾਗ ਜੈਤਸਰੀ** **ਤਿੰਨ ਤਾਲ**

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | | | |
| | | | | | | | | ਸਾ | – | ਨ਼ੀ | ਸਾ | ਗ | ਪ | ਪ | – |
| | | | | | | | | ਆ | ऽ | ਏ | ऽ | ਅ | ਨਿ | ਕ | ਜ |
| ਮ॑ | ਧ॒ | ਪ | ਮ॑ਗ | ਮ॑ਗ | ਰੇ॒ | ਸਾ | – | ਗ | ਮ॑ | ਗ | ਪ | ਮ॑ | ਧ॒ | ਪ | – |
| ਨ | ਮ | ਭ੍ਰ | ਮਿ | ਸਃ | ਰ | ਣੀ | ऽ | ਉ | ਧ | ਰੁ | ऽ | ਦੇ | ऽ | ਹ | ऽ |
| ਨੀ | – | ਧ॒ | ਪ | ਧ॒ | ਮ॑ | ਗ | – | ਸਾਂ | ਨੀ | ਧ॒ | ਪ | ਰੇ॒ਂ | ਨੀ | ਧ॒ | ਪ |
| ਅੰ | ऽ | ਧ | ਕੂ | ऽ | ਪ | ਤੇ | ऽ | ਲਾ | ऽ | ਵਹੁ | ऽ | ਅ | ਪ | ਨੀ | ऽ |
| ਮ॑ | ਧ॒ | ਮ॑ | ਗ | ਨ਼ੀ | ਮ॑ਗ | ਰੇ॒ | ਸਾ | | | | | | | | |
| ਚ | ਰ | ਣੀ | ऽ | ऽ | ऽऽ | ऽ | ऽ | | | | | | | | |
| **ਅੰਤਰਾ** | | | | | | | | | | | | | | | |
| | | | | | | | | ਪ– | ਪ | ਮ॑ | ਧ॒ | ਮ॑ | – | ਗ | – |
| | | | | | | | | ਗਿਆ | ऽ | ਨ | ਧਿ | ਆ | ਨੁ | ਕਿ | ਛੁ |
| ਮ॑ | ਪ | ਨੀ | ਸਾਂ | ਰੇ॒ਂ | ਰੇ॒ਂ | ਸਾਂ | – | ਨੀ | ਸਾਂ | ਗਂ | ਮ॑ਂ | ਗਂ | ਰੇ॒ਂ | ਸਾਂ | – |
| ਕ | ਰ | ਮ | ਨ | ਜਾ | ऽ | ਨਾ | ऽ | ਨਾ | ऽ | ਹਿ | ਨ | ਨਿ | ਰ | ਮ | ਲ |
| ਨੀ | ਸਾਂ | ਗਂ | – | ਰੇ॒ਂ | – | ਸਾਂ | – | ਮ॑ | ਪ | ਸਾਂ | ਨੀ | ਧ॒ | – | ਪ | – |
| ਕ | ਰ | – | ऽ | ਣੀ | ऽ | ऽ | ऽ | ਸਾ | ऽ | ਧ | ਕੈ | ਅੰ | ऽ | ਚ | ਲਿ |
| ਮ॑ | ਗਾ | ਮ॑ | ਗ | ਰੇ॒– | – | ਸਾ | – | ਪ | ਗ | ਰੇ॒ | ਸਾ | ਸਾਗ | ਮ॑ਪ | ਮ॑ | ਗ |
| ਲਾ | ऽ | ऽ | ऽ | ਵਹੁ | ऽ | ऽ | ऽ | ਬਿ | ਖ | ਮ | ਜਾ | ਇऽ | ऽऽ | ऽ | ऽ |
| ਮ॑ | ਧ॒ | ਪ | – | ਮ॑ਗ | ਮ॑ਗ | ਰੇ॒ | ਸਾ | | | | | | | | |
| ਤ | ऽ | ਰ | ऽ | ਣੀऽ | ऽऽ | ऽ | ऽ | | | | | | | | |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 12. ਰਾਗੁ ਟੋਡੀ

ਰਾਗ ਟੋਡੀ ਬਹੁਤ ਪ੍ਰਸਿੱਧ ਪਰ ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ। ਇਹ ਰਾਗ ਲੋਕ ਸੰਗੀਤ ਤੇ ਸ਼ਾਸਤਰੀ ਸੰਗੀਤ ਦਾ ਰਾਗ ਹੈ। ਪਰ ਲੋਕ ਸੰਗੀਤ ਦਾ ਇਹ ਅਨਿਖੜਵਾਂ ਅੰਗ ਬਣ ਗਿਆ ਹੈ, ਇਸ ਵਿਚ ਲੋਕ ਗੀਤਾਂ ਦੀਆਂ ਅਨੇਕਾਂ ਸੁਰਾਂ ਗਾਇਨ ਲਈ ਠੀਕ ਵਜਦੀਆਂ ਹਨ। ਇਹ ਉਤਰਾਂਗ ਪ੍ਰਧਾਨ ਰਾਗ ਹੈ। ਭਾਰਤੀ ਸੰਗੀਤ ਵਿਚ ਇਸ ਦੇ 21 ਪ੍ਰਕਾਰ ਮਿਲਦੇ ਹਨ, ਜਿਸ ਤਰ੍ਹਾਂ ਬਿਲਾਸਖਾਨੀ ਟੋਡੀ, ਅਹੀਰੀ ਟੋਡੀ, ਮੀਆਂ ਕੀ ਟੋਡੀ, ਜੋਨਪੁਰੀ ਟੋਡੀ, ਦੇਸੀ ਟੋਡੀ, ਭੁਪਾਲ ਟੋਡੀ ਆਦਿ। ਟੋਡੀ ਰਾਗ ਦੀ ਖਾਸ ਸਵਰ ਸੰਗਤੀ 'ਰੇ ਗੁ ਰੇ ਸਾ' ਹੈ। ਟੋਡੀ ਰਾਗ ਵਿਚ ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦੁਰ ਜੀ ਨੇ ਰਚਨਾ ਕੀਤੀ।

ਰਾਗ ਟੋਡੀ ਦਾ ਸਰੂਪ ਗੁਰਮਤਿ ਸੰਗੀਤ ਵਿਦਵਾਨਾਂ ਅਨੁਸਾਰ ਇਸ ਪ੍ਰਕਾਰ ਪ੍ਰਮਾਣਿਤ ਕੀਤਾ ਗਿਆ ਹੈ :

| | |
|---|---|
| ਥਾਟ | ਟੋਡੀ |
| ਜਾਤੀ | ਸੰਪੂਰਨ-ਸੰਪੂਰਨ |
| ਵਾਦੀ | ਧੈਵਤ |
| ਸੰਵਾਦੀ | ਗੰਧਾਰ |
| ਸਮਾਂ | ਦਿਨ ਦਾ ਦੂਜਾ ਪਹਿਰ |
| ਸੁਰ | ਰਿਸ਼ਭ, ਗੰਧਾਰ, ਧੈਵਤ ਕੋਮਲ, ਮਧਿਅਮ ਤੀਵਰ |
| ਆਰੋਹ | ਸਾ ਰੇ ਗ, ਮੰ ਪ ਮੰ ਧੁ, ਨੀ ਸਾਂ |
| ਅਵਰੋਹ | ਸਾਂ ਨੀ ਧੁ, ਪ, ਮੰ ਗੁ, ਰੇ, ਸਾ |
| ਮੁੱਖ ਅੰਗ | ਧ਼ੁ, ਨ਼ੀ ਸਾ, ਰੇ ਗੁ, ਮੰ ਗੁ, ਗੁ ਰੇ ਸਾ |

**ਸੁਰ ਵਿਸਥਾਰ** : ਸਾ, ਨ਼ੀ ਸਾ, (ਸਾ) ਨ਼ੀ ਧ਼ੁ ਧ਼ੁ ਪ਼, ਮ਼ੰ ਧ਼ੁ ਨ਼ੀ ਸਾ, ਨ਼ੀ ਸਾ ਰੇ ਰੇ ਨ਼ੀ ਸਾ, ਰੇ ਰੇ ਸਾ ਨ਼ੀ ਧ਼ੁ ਪ਼, ਪ ਮ਼ੰ ਧ਼ੁ ਨ਼ੀ ਸਾ, ਨ਼ੀ ਸਾ ਰੇ ਗੁ ਰੇ ਗੁ, ਰੇ ਸਾ, ਗੁ ਰੇ ਸਾ ਨ਼ੀ ਧ਼ੁ, ਮ਼ੰ ਧ਼ ਨ਼ੀ ਸਾ ਰੇ ਗੁ, ਮੰ ਗੁ ਰੇ ਗੁ, ਰੇ ਸਾ, ਧ਼ੁ ਨ਼ੀ ਸਾ ਰੇ ਗੁ, ਮੰ ਗੁ, ਮੰ ਧੁ ਮੰ ਧੁ ਪ, ਮੰ ਧੁ ਮੰ ਗੁ, ਸਾ ਧੁ, ਮੰ ਗੁ ਰੇ ਗੁ, ਰੇ ਸਾ, ਗੁ ਰੇ ਮੰ ਗੁ ਮੰ ਧੁ ਪ, ਮੰ ਧੁ ਮੰ ਗੁ, ਸਾ ਧੁ, ਮੰ ਗੁ ਰੇ ਗੁ, ਰੇ ਸਾ, ਗੁ ਰੇ ਮੰ ਗੁ ਮੰ ਧੁ, ਨੀ ਨੀ ਧੁ, ਮੰ ਧੁ ਪ, ਮੰ ਮੰ ਧੁ ਧੁ ਨੀ ਨੀ ਧੁ ਧੁ, ਮੰ ਗੁ, ਰੇ ਗੁ, ਰੇ ਰੇ ਸਾ, ਗੁ ਗੁ ਰੇ ਸਾ ਨ਼ੀ ਧੁ ਗੁ ਰੇ ਸਾ, ਸਾ ਰੇ ਮੰ ਗੁ, ਰੇ ਗੁ ਮੰ ਧੁ, ਧੁ, ਗੁ ਮੰ ਧੁ ਨੀ ਮੰ ਧੁ ਨੀ ਸਾਂ, ਸਾਂ ਨੀ ਸਾਂ, ਧੁ ਨੀ ਸਾਂ ਰੇਂ, ਰੇਂ ਗੁਂ ਰੇਂ ਗੁਂ ਰੇਂ ਸਾਂ, ਧ ਨੀ ਸਾਂ, ਮੰ ਧੁ ਨੀ, ਗੁ ਮੰ ਮੰ ਧੁ ਧੁ ਪ, ਮੰ ਧੁ ਮੰ ਗੁ, ਰੇ ਗੁ ਰੇ ਸਾ, ਸਾ ਰੇ ਗੁ ਮੰ ਧੁ ਨੀ ਧੁ, ਮੰ ਧੁ ਮੰ ਨੀ ਧੁ, ਧੁ ਮੰ ਗੁ ਰੇ ਗ, ਸਾ ਰੇ ਨ਼ੀ ਸਾ ਧ਼ੁ ਗੁ, ਰੇ, ਸਾ, ਗੁ ਗੁ ਮੰ ਧੁ ਨੀ ਧੁ ਸਾਂ, ਧੁ ਨੀ ਸਾਂ ਰੇ, ਰੇਂ ਧੁ ਸਾਂ, ਧੁ ਗੁਂ ਰੇਂ ਸਾਂ, ਧੁ ਨੀ ਸਾਂ ਰੇਂ ਗੁਂ ਮੰ ਗੁਂ, ਰੇਂ ਗੁਂ ਮੰ ਗੁਂ, ਰੇਂ ਗੁਂ, ਗੁਂ ਰੇਂ ਗੁਂ ਸਾਂ, ਗੁਂ ਰੇਂ ਸਾਂ ਨੀ ਧੁ, ਧੁ ਨੀ ਧੁ, ਮੰ ਨੀ ਧੁ, ਧੁ ਮੰ ਗੁ ਰੇ ਗੁ ਰੇ ਸਾ, ਸਾ ਰੇ ਸਾ, ਸਾ ਰੇ ਸਾ ਗੁ ਰੇ ਗੁ ਰੇ ਸਾ, ਧ਼ੁ ਨ਼ੀ ਸਾ।

## ਰਾਗ ਟੋਡੀ ਮਹਲਾ ੫॥

ਸਤਿਗੁਰ ਆਇਓ ਸਰਣਿ ਤੁਹਾਰੀ॥
ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ॥੧॥ ਰਹਾਉ॥
ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ॥
ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ॥੧॥
ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ॥
ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ॥੨॥੪॥੯॥

(ਸ੍ਰੀ ਗੁਰੂ ਗ੍ਰੰਥ ਸਾਹਿਬ,ਪੰਨਾ 713)

### ਰਾਗ ਟੋਡੀ

ਤ੍ਰਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| ਸਥਾਈ | | | | | | | | | | | | | | | |
| | | | | | | | | ਸਾਂ- | ਨੀ | ਧ॒ | ਪ | ਪ | ਪ- | ਗ॒ | ਮ॑ |
| | | | | | | | | ਸਤਿ | ਗੁ | ਰ | ਆ | ऽ | ਇਓ | ऽ | ऽ |
| ਧ॒ | ਧ॒ | ਮ॑ | ਗ॒ | ਰੇ॒ | ਗ॒ | ਰੇ॒ | ਸਾ | - | ਸਾਸਾ | ਰੇ॒ | ਰੇ॒ | ਗ॒ | ਗ॒ | ਮ॑ | ਧ॒ |
| ਸ | ਰ | ਣਿ | ਤੁ | ਹਾ | ऽ | ਰੀ | ऽ | - | ਮਿऽ | ਲੈ | ऽ | ਸੂ | ऽ | ਖ | ਨਾ |
| ਮ॑ | ਗ॒ | ਰੇ॒ | ਗ॒ | ਰੇ॒ | ਰੇ॒ | ਸਾ | ਸਾ | - | ਮ॑ | ਮ॑ | ਮ॑ | ਧ॒ | ਧ॒ | ਮ॑ | ਧ॒ |
| ऽ | ਮੁ | ਹ | ਰਿ | ਸੋ | ऽ | ਭਾ | ऽ | ऽ | ਚਿੰ | ऽ | ਤਾ | ਲਾ | ऽ | ਹਿ | ਹ |
| ਸਾਂਨੀ | ਧ॒ਨੀ | ਸਾਂਰੇਂ॒ | ਸਾਂਨੀ | ਧ॒ਪ | ਮ॑ਗ॒ | ਰੇ॒ਗ॒ | ਰੇ॒ਸਾ | | | | | | | | |
| ਮਾऽ | ऽऽ | ऽऽ | ऽऽ | ਰੀऽ | ऽऽ | ऽऽ | ऽऽ | | | | | | | | |
| ਅੰਤਰਾ | | | | | | | | | | | | | | | |
| | | | | | | | | - | ਮ॑ਮ॑ | ਗ॒ | ਮ॑ | ਮ॑- | ਮ॑ | ਧ॒ | ਧ॒ |
| | | | | | | | | - | ਅਵ | ਰ | ਨ | ਸੂऽ | ऽ | ਝੈ | ऽ |
| ਮ॑ਧ॒ | ਨੀਸਾਂ | ਸਾਂ | ਸਾਂ | ਰੇਂ॒ | ਰੇਂ॒ | ਸਾਂ | ਸਾਂ | - | ਗ॒ਂ | ਗ॒ਂ | ਗ॒ਂ- | ਰੇਂ॒ | ਗ॒ਂ | ਰੇਂ॒ | ਸਾਂ |
| ਦੂऽ | ऽऽ | ਜੀ | ऽ | ਠਾ | ऽ | ਹ | ਰ | - | ਹਾ | ਰਿ | ਪਰਿ | ਓ | ऽ | ਤਉ | ਦੁ |
| ਨੀ | ਸਾਂ | ਨੀ | ਸਾਂ | ਧ॒ | ਧ॒ | ਪ | ਪ | - | ਪ | ਪ | ਪ | ਮ॑ | ਧ॒ | ਮ॑ | ਗ॒ |
| ਆ | ऽ | ऽ | ऽ | ਰੀ | ऽ | ऽ | ऽ | ऽ | ਲੇ | ऽ | ਖਾ | ਛੋ | ऽ | ਡਿ | ਅ |
| ਮ॑ | ਧ॒ | ਮ॑ | ਗ॒ | ਰੇ॒ | ਗ॒ | ਰੇ॒ | ਸਾ | ਸਾਂ- | ਸਾਂ- | ਸਾਂ | ਸਾਂ | ਨੀ | ਸਾਂ | ਨੀ | ਧ॒ |
| ਲੇ | ऽ | ਖੈ | ऽ | ਛੂ | ऽ | ਟਹ | ऽ | ਹਮ | ਨਿਰ | ਗੁ | ਨ | ਲੇ | ऽ | ਹ | ਉ |
| ਧ॒ਨੀ | ਸਾਂਰੇਂ॒ | ਗ॒ਂਰੇਂ॒ | ਸਾਂਨੀ | ਧ॒ਪ | ਮ॑ਗ॒ | ਰੇ॒ਗ॒ | ਰੇ॒ਸਾ | | | | | | | | |
| ਬਾऽ | ऽऽ | ऽऽ | ऽऽ | ਰੀऽ | ऽऽ | ऽऽ | ऽऽ | | | | | | | | |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 13. ਰਾਗੁ ਬੈਰਾੜੀ

ਰਾਗ ਬੈਰਾੜੀ ਅਪ੍ਰਚਲਿਤ ਅਤੇ ਅਸਾਧਾਰਨ ਰਾਗ ਹੈ। ਇਹ ਕਾਫੀ ਕਠਿਨ ਰਾਗ ਹੈ, ਜਿਸ ਨੂੰ ਕੁਸ਼ਲ ਗਾਇਕ ਹੀ ਗਾ ਸਕਦੇ ਹਨ। ਪ੍ਰਾਚੀਨ ਗ੍ਰੰਥਾਂ ਵਿਚ ਇਹ ਰਾਗ ਬੈਰਾੜੀ, ਵਰਾੜੀ, ਬੈਰਾੜੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਨਾਮ 'ਰਾਗ ਬੈਰਾੜੀ' ਪ੍ਰਾਪਤ ਹੁੰਦਾ ਹੈ। ਵਰਤਮਾਨ ਸਮੇਂ ਵਿਚ ਇਸ ਨੂੰ ਬਰਾਟੀ ਜਾਂ ਬੈਰਾੜੀ ਨਾਮ ਸੰਬੋਧਨ ਕੀਤਾ ਜਾਂਦਾ ਹੈ। ਮੱਧਕਾਲ ਵਿਚ ਇਸ ਰਾਗ ਦੀਆਂ ਜਿੰਨੀਆਂ ਵੰਨਗੀਆਂ ਪ੍ਰਚਲਿਤ ਸਨ, ਸ਼ਾਇਦ ਹੀ ਕਿਸੇ ਹੋਰ ਰਾਗ ਦੀਆਂ ਹੋਣ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਇਸ ਰਾਗ ਵਿਚ ਦਰਜ ਹੈ।

ਰਾਗ ਬੈਰਾੜੀ ਦਾ ਸਰੂਪ ਗੁਰਮਤਿ ਸੰਗੀਤ ਵਿਦਵਾਨਾਂ ਅਨੁਸਾਰ ਇਸ ਪ੍ਰਕਾਰ ਹੈ :

| | |
|---|---|
| ਰਾਗ | ਬੈਰਾੜੀ |
| ਥਾਟ | ਮਾਰਵਾ |
| ਜਾਤੀ | ਵਕਰ-ਸੰਪੂਰਨ |
| ਵਾਦੀ | ਗੰਧਾਰ |
| ਸੰਵਾਦੀ | ਧੈਵਤ |
| ਸਮਾਂ | ਸੰਧਿਆ (ਦਿਨ ਦਾ ਚੌਥਾ ਪਹਿਰ) |
| ਸੁਰ | ਰਿਸ਼ਭ ਕੋਮਲ, ਮਧਿਅਮ ਤੀਵਰ, ਬਾਕੀ ਸਾਰੇ ਸ਼ੁੱਧ |
| ਆਰੋਹ | ਨ਼ੀ ਰੇ ਗ ਪ, ਮੇ ਗ ਮੇ ਧ ਸਾਂ |
| ਅਵਰੋਹ | ਸਾਂ ਨੀ ਧ ਪ, ਮੇ ਗ, ਪ ਗ, ਰੇ ਸਾ |
| ਮੁੱਖ ਅੰਗ | ਪ ਧ ਗ, ਮੇ ਧ, ਮੇ ਗ, ਰੇ ਗੁ, ਮੇ ਗ, ਰੇ ਸਾ |

**ਸੁਰ ਵਿਸਥਾਰ** : ਸਾ, ਨ਼ੀ ਰੇ ਸਾ, ਨ਼ੀ ਰੇ ਗ, ਰੇ ਗ ਰੇ ਸਾ, ਰੇ ਨ਼ੀ ਧ਼, ਧ਼ ਮੇ ਧ਼ ਸਾ ਨ਼ੀ ਰੇ ਸਾ, ਨ਼ੀ ਰੇ ਰੇ ਗ ਮੇ ਗ ਰੇ ਸਾ, ਰੇ ਨ਼ੀ ਪ, ਧ਼ ਗ਼, ਮ਼ੇ ਧ਼ ਮ਼ੇ ਧ਼ ਸਾ ਨ਼ੀ ਰੇ ਰੇ ਸਾ, ਪ ਗ ਰੇ ਰੇ ਸਾ, ਨੀ ਰੇ ਗ ਮੇ ਗ ਰੇ ਸਾ, ਨ਼ੀ ਰੇ ਗ ਰੇ ਗ ਪ, ਪ ਮੇ ਗ ਪ, ਮੇ ਧ ਮੇ ਗ, ਰੇ ਗ ਮੇ ਧ ਮੇ ਗ ਪ ਧ ਗ, ਰੇ ਸਾ, ਪ ਧ ਗ, ਮੇ ਧ ਸਾਂ, ਸਾਂ, ਰੇਂ ਨੀ ਪ, ਪ ਧ ਗ, ਮੇ ਧ ਮੇ ਗ, ਪ ਗ ਰੇ ਸਾ, ਰੇ ਰੇ ਸਾ, ਮੇ ਧ ਮੇ ਧ ਸਾਂ, ਸਾਂ ਨੀ ਰੇਂ ਸਾਂ, ਮੇ ਧ ਸਾਂ ਨੀ ਰੇਂ ਸਾ, ਰੇਂ ਨੀ ਪ ਧ ਗ ਪ, ਪ ਧ ਗ, ਮੇ ਗ ਰੇ ਸਾ, ਸਾ ਰੇ ਨ਼ੀ ਰੇ ਸਾ, ਗ ਰੇ ਸਾ, ਮੇ ਗ, ਪ, ਪ ਪ ਧ ਗ ਪ, ਮੇ ਗ ਮੇ ਗ, ਰੇ ਰੇ ਸਾ ਰੇ ਸਾ, ਪ ਗ ਰੇ ਸਾ, ਮੇ ਧ ਪ ਪ ਸਾਂ, ਸਾਂ, ਰੇਂ ਨੀ ਸਾਂ, ਰੇਂ ਰੇਂ, ਨੀ ਰੇਂ ਗੰ ਗੰ, ਰੇਂ ਸਾਂ, ਨੀ ਰੇਂ ਗੰ ਮੇਂ ਗੰ ਰੇਂ ਸਾਂ, ਸਾਂ ਨੀ ਰੇਂ ਨੀ ਪ ਧ ਗ ਪ, ਮੇ ਗ ਰੇ ਸਾ, ਰੇ ਰੇ ਸਾ, ਸਾਂ ਸਾਂ ਨੀ ਰੇਂ ਨੀ ਪ, ਪ ਧ ਗ, ਮੇ ਧ ਮੇ ਗ, ਪ ਗ, ਰੇ ਸਾ, ਨ਼ੀ ਰੇ ਗ ਰੇ ਮੇ ਮੇ ਗ, ਗ ਗ ਪ ਗ ਮੇ ਗ ਰੇ ਸਾ, ਰੇ ਰੇ ਸਾ ਰੇ ਨ਼ੀ ਰੇ ਸਾ, ਪ ਧ ਨੀ ਪ ਧ ਮੇ ਪ ਗ, ਪ ਗ ਰੇ ਸਾ।

**ਰਾਗ ਬੈਰਾੜੀ ਮਹਲਾ ੪॥**

ਹਰਿ ਜਨੁ ਰਾਮ ਨਾਮ ਗੁਨ ਗਾਵੈ॥
ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ॥੧॥ ਰਹਾਉ॥
ਜੋ ਕਿਛੁ ਕਰੇ ਸੁ ਆਪੇ ਸੁਆਮੀ ਹਰਿ ਆਪੇ ਕਾਰ ਕਮਾਵੈ॥

ਹਰਿ ਆਪੇ ਹੀ ਮਤਿ ਦੇਵੈ ਸੁਆਮੀ ਹਰਿ ਆਪੇ ਬੋਲਿ ਬੁਲਾਵੈ ॥੧॥
ਹਰਿ ਆਪੇ ਪੰਚ ਤਤੁ ਬਿਸਥਾਰਾ ਵਿਚਿ ਧਾਤੂ ਪੰਚ ਆਪਿ ਪਾਵੈ ॥
ਜਨ ਨਾਨਕ ਸਤਿਗੁਰੁ ਮੇਲੇ ਆਪੇ ਹਰਿ ਆਪੇ ਝਗਰੁ ਚੁਕਾਵੈ ॥੨॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 719-20)

**ਰਾਗ ਬੈਰਾੜੀ** **ਤਾਲ ਦੀਪਚੰਦੀ**

| × | | | 2 | | | | 0 | | | 3 | | | |
|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | |
| ਸਾ | ਸਾ | ਸਾ | ਨ਼ੀ | ਰੇ॒ | ਗ | ਗ | ਗ | -ਰੇ॒ | ਸਾ | ਨ਼ੀ | ਰੇ॒ | ਸਾ | ਸਾ |
| ਹ | ऽ | ਰਿ | ਜ | ऽ | ਨੁ | ऽ | ਰਾ | ऽਮ | ਨਾ | ऽ | ਮ | ਗੁ | ਨ |
| ਪ | ਪ | ਪ | ਗ | ਪ | ਗ | ਗ | ਪ | ਗ | ਗ | ਰੇ॒ | ਰੇ॒ | ਸਾ | ਸਾ |
| ਗਾ | ऽ | ऽ | ऽ | ऽ | ऽ | ऽ | ਵੈ | ऽ | ऽ | ऽ | ऽ | ऽ | ऽ |
| ਪ | ਪ | ਪ | ਧ | - | ਗ | ਗ | ਮ॑ | ਧ | ਧ | ਸਾਂ | ਰੇ॒ਂ | ਸਾਂ | ਸਾਂ |
| ਜੇ | ऽ | ऽ | ਕੋ | ऽ | ਈ | ऽ | ਨਿੰ | ऽ | ऽ | ਦ | ऽ | ਕ | ऽ |
| ਨੀ | ਪ | - | ਗ | - | ਮ॑ | - | ਪ | ਪ | ਪ | ਪ | - | ਪ | - |
| ਰੇ | ऽ | ऽ | ਹ | ऽ | ਰ | ऽ | ਜ | ऽ | ਨ | ਕੀ | ऽ | ऽ | ऽ |
| ਮ॑ | ਧ | - | ਮ॑ | ਸਾਂ | ਸਾਂ | ਸਾਂ | ਨੀ | ਰੇ॒ਂ | ਰੇ॒ਂ | ਸਾਂ | - | ਸਾਂ | - |
| ਅ | ਪ | ऽ | ਨਾ | ऽ | ऽ | ऽ | ਗੁ | ऽ | ऽ | ਨੁ | ऽ | ਨ | ਗ |
| ਨੀ | ਰੇ॒ਂ | - | ਨੀ | - | ਪ | - | ਗ | ਪ | - | ਪ | - | ਪ | - |
| ਵਾ | ऽ | ऽ | ऽ | ऽ | ऽ | ऽ | ਵੈ | ऽ | ऽ | ऽ | ऽ | ऽ | ऽ |
| **ਅੰਤਰਾ** | | | | | | | | | | | | | |
| ਪ | ਧ | - | ਗ | - | ਗ | - | ਮ॑ | ਧ | - | ਸਾਂ | - | ਸਾਂ | - |
| ਜੋ | ऽ | ऽ | ਕਿ | ऽ | ਛ | ऽ | ਕ | ऽ | ऽ | ਰੇ | ऽ | ਸੁ | ऽ |
| ਨੀ | - | ਰੇ॒ਂ | ਗਂ | - | ਮ॑ਂ | - | ਗਂ | - | ਰੇ॒ਂ | ਸਾਂ | - | ਸਾਂ | - |
| ਆ | ऽ | ऽ | ਪੇ | ऽ | ਸੁ | ऽ | ਆ | ऽ | ऽ | ਮੀ | ऽ | ऽ | ऽ |
| ਨੀ | - | ਰੇ॒ਂ | ਨੀ | - | ਪ | - | ਧ | ਗ | ਗ | ਪ | - | ਪ | - |
| ਹ | ਰਿ | ऽ | ਆ | ऽ | ਪੈ | ऽ | ਕਾ | ऽ | ऽ | ਰ | ऽ | ਕ | ऽ |
| ਰੇ॒ਂ | ਨੀ | - | ਪ | - | ਧ | - | ਮ॑ | ਗ | - | ਪ | ਗ | ਰੇ॒ | ਸਾ |
| ਮਾ | ऽ | ऽ | ऽ | ऽ | ऽ | ऽ | ਵੈ | ऽ | ऽ | ऽ | ऽ | ऽ | ऽ |
| ਪ | ਪ | - | ਧ | - | ਪ | - | ਪ | - | - | ਪ | - | ਗ | - |
| ਹ | ਰਿ | - | ਆ | ऽ | ਪੇ | ऽ | ਹੀ | ऽ | ऽ | ਮ | ऽ | ਤ | ऽ |
| ਧ | - | - | ਗ | - | ਧ | - | ਗ- | ਰੇ॒ | - | ਸਾ | - | ਸਾ | - |
| ਦੇ | ऽ | ऽ | ਵੈ | ऽ | ऽ | ऽ | ਸੁਆ | ऽ | ऽ | ਮੀ | ऽ | ऽ | ऽ |
| ਮ॑ | ਮ॑ | - | ਧ | - | ਧ | - | ਮ॑ | ਧ | - | ਸਾਂ | ਨੀ | ਰੇ॒ਂ | ਸਾਂ- |
| ਹ | ਰਿ | ऽ | ਆ | ऽ | ਪੇ | ऽ | ਬੋ | ऽ | ऽ | ਲ | ऽ | ऽ | ਬੁऽ |
| ਰੇ॒ਂ | - | - | ਨੀ | ਧ | ਪ | - | ਗਪ | ਗ | ਰੇ॒ | ਸਾ | - | ਸਾ | - |
| ਲਾ | ऽ | ऽ | ऽ | ऽ | ऽ | ऽ | ਵੈऽ | ऽ | ऽ | ऽ | ऽ | ऽ | ऽ |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 14. ਰਾਗੁ ਤਿਲੰਗ

ਰਾਗ ਤਿਲੰਗ ਬੜਾ ਹੀ ਪ੍ਰਸਿੱਧ ਮਨੋਹਰ ਅਤੇ ਸਰਲ ਰਾਗ ਹੈ। ਹਿੰਦੁਸਤਾਨੀ ਸੰਗੀਤ ਦੇ ਕਈ ਗ੍ਰੰਥਾਂ ਵਿਚ ਇਸ ਨੂੰ 'ਤੈਲੰਗੀ' ਲਿਖਿਆ ਗਿਆ ਹੈ, ਪਰ ਗੁਰੂ ਗ੍ਰੰਥ ਸਾਹਿਬ ਵਿਚ ਇਸ ਨੂੰ ਰਾਗ ਤਿਲੰਗ ਹੀ ਲਿਖਿਆ ਗਿਆ ਹੈ। ਅੱਜਕਲ੍ਹ ਇਹ ਤਿਲੰਗ ਕਰਕੇ ਹੀ ਜਾਣਿਆ ਜਾਂਦਾ ਹੈ। ਇਸ ਰਾਗ ਦੇ ਵਿਚ ਸੁਰ ਸੰਗਤੀਆਂ 'ਨ਼ੀ ਪ' ਅਤੇ 'ਗ ਮ ਗ' ਅਤਿਅੰਤ ਸੁੰਦਰ ਢੰਗ ਨਾਲ ਲਗਾਈਆਂ ਜਾਂਦੀਆਂ ਹਨ। ਇਸ ਰਾਗ ਦਾ ਵਿਸਤਾਰ ਮੱਧ ਅਤੇ ਤਾਰ ਸਪਤਕ ਵਿਚ ਜ਼ਿਆਦਾ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਵਿਚ ਇਹ ਸਰੂਪ ਪ੍ਰਮਾਣਿਤ ਕੀਤਾ ਜਾਂਦਾ ਹੈ। ਤਿਲੰਗ ਰਾਗ ਦਾ ਸਰੂਪ ਇਸ ਪ੍ਰਕਾਰ ਹੈ :

| | |
|---|---|
| ਥਾਟ | ਖਮਾਜ |
| ਜਾਤੀ | ਔੜਵ-ਔੜਵ |
| ਵਾਦੀ | ਗੰਧਾਰ |
| ਸੰਵਾਦੀ | ਨਿਸ਼ਾਦ |
| ਸਮਾਂ | ਦਿਨ ਦਾ ਤੀਸਰਾ ਪਹਿਰ |
| ਸੁਰ | ਰਿਸ਼ਭ ਤੇ ਧੈਵਤ ਵਰਜਿਤ, ਦੋਵੇਂ ਨਿਸ਼ਾਦ, ਬਾਕੀ ਸਾਰੇ ਸ਼ੁੱਧ |
| ਆਰੋਹ | ਸਾ ਗ, ਮ ਪ, ਨੀ ਸਾਂ |
| ਅਵਰੋਹ | ਸਾਂ ਨੀ ਪ, ਮ ਗ, ਸਾ |
| ਮੁੱਖ ਅੰਗ | ਨ਼ੀ ਸਾ ਗ ਮ ਪ, ਨ੍ਹੀ ਪ, ਗ ਮ ਗ ਸਾ |

**ਸੁਰ ਵਿਸਥਾਰ** : ਪ਼ ਨ਼ੀ ਸਾ, ਸਾ ਗ, ਗ ਗ, ਸਾ ਨ਼ੀ ਪ਼, ਪ਼ ਨ਼ੀ ਸਾ ਗ, ਨ਼ੀ ਸਾ ਗ, ਪ਼ ਨ਼ੀ ਨ਼ੀ ਸਾ ਗ ਮ ਗ, ਗ ਮ ਗ ਮ ਪ, ਗ ਪ ਮ ਪ ਗ ਮ ਗ, ਮ ਮ ਗ ਸਾ, ਸਾ ਗ ਮ ਪ, ਪ ਪ ਮ ਪ ਗ ਮ ਗ, ਗ ਮ ਪ ਨ੍ਹੀ ਪ, ਨ੍ਹੀ ਨ੍ਹੀ ਪ ਗ ਮ ਗ, ਸਾ ਨ਼ੀ ਪ਼ ਨ਼ੀ ਸਾ ਗ ਮ ਗ, ਮ ਮ ਗ, ਸਾ ਗ ਮ ਪ, ਗ ਮ ਨ੍ਹੀ ਪ ਗ ਮ ਗ, ਗ ਮ ਪ, ਨ੍ਹੀ ਮ ਪ, ਗ ਮ ਪ ਨੀ ਸਾਂ, ਪ ਨੀ ਸਾਂ ਪ ਨੀ ਸਾਂ ਨ੍ਹੀ ਪ, ਨ੍ਹੀ ਨ੍ਹੀ ਪ ਮ ਗ, ਮ ਪ ਗ ਮ ਗ, ਮ ਪ ਸਾਂ ਨ੍ਹੀ ਪ, ਗ ਮ ਪ ਨ੍ਹੀ ਪ, ਨ੍ਹੀ ਮ ਪ ਗ ਮ ਪ ਨੀ, ਨੀ ਨੀ ਸਾਂ, ਸਾਂ ਸਾਂ ਪ ਨੀ ਸਾਂ ਗਂ ਗਂ ਸਾਂ, ਗਂ ਨੀ ਸਾਂ ਪ ਨੀ ਸਾਂ ਗਂ ਸਂ ਗਂ ਸਾਂ, ਨ੍ਹੀ ਨ੍ਹੀ ਪ ਮ ਪ ਗ ਮ ਗ, ਗ ਮ ਗ ਸਾ ਗ ਮ ਪ, ਗ ਮ ਪ ਨ੍ਹੀ ਪ ਮ ਗ ਮ ਗ, ਗ ਮ ਪ ਨੀ ਸਾਂ ਨ੍ਹੀ ਪ ਮ ਗ ਮ ਗ, ਗ ਮ ਪ ਨੀ ਸਾਂ ਗੁਂ ਨੀ ਸਾਂ ਨ੍ਹੀ ਪ ਗ ਮ ਗ, ਸਾ ਗ ਮ ਗ ਸਾ, ਗ ਮ ਪ ਮ ਪ ਗ ਮ ਨ੍ਹੀ ਪ, ਸਾਂ ਨੀ ਸਾਂ ਨ੍ਹੀ ਪ ਨ੍ਹੀ ਨ੍ਹੀ ਪ ਮ ਗ ਮ ਗ ਸਾ, ਸਾ ਗ ਮ ਪ, ਨੀ ਸਾਂ, ਨੀ ਨੀ ਸਾਂ, ਗਂ ਸਾਂ ਨੀ ਸਾਂ ਪ ਨੀ ਸਾਂ, ਪ ਪ ਨੀ ਨੀ ਸਾਂ ਗਂ ਸਾਂ, ਸਾਂ ਗਂ ਮ ਗਂ ਸਾਂ ਨੀ ਸਾਂ, ਸਾਂ ਸਾਂ ਨ੍ਹੀ ਪ, ਨ੍ਹੀ ਨ੍ਹੀ ਮ ਮ ਪ, ਮ ਪ ਗ ਮ ਪ ਨੀ ਸਾਂ ਗਂ ਸਾਂ, ਗਂ ਨੀ ਸਾਂ ਨ੍ਹੀ ਪ ਮ ਗ ਮ ਗ ਸਾ, ਸਾ ਗ ਸਾ ਨ਼ੀ ਸਾ, ਗ ਮ ਪ, ਗ ਮ ਪ ਨੀ ਸਾਂ ਨ੍ਹੀ ਨ੍ਹੀ ਪ ਮ ਗ ਸਾ।

**ਰਾਗ ਤਿਲੰਗ ਮਹਲਾ ੯॥**

ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ॥
ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ॥੧॥ ਰਹਾਉ॥

ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ॥
ਕਾਲ ਫਾਸ ਜਬ ਗਲਿ ਪਰੀ ਸਭ ਭਇਓ ਪਰਾਇਓ॥੧॥
ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ॥
ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ॥੨॥
ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ॥
ਨਾਨਕ ਕਹਤ ਪੁਕਾਰਿ ਕੈ ਗਹੁ ਪ੍ਰਭ ਸਰਨਾਈ॥੩॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 727)

**ਰਾਗ ਤਿਲੰਗ** — **ਤਿੰਨ ਤਾਲ**

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | | | |
| | | | | | | | | ਗਮ | ਪਨੀ | ਸਾਂ- | ਸਾਂ | ਨੀ | ਪ | ਗ | ਮ |
| | | | | | | | | ਹੁऽ | ਰੁऽ | ਜੁऽ | ਸੁ | ਰੇ | ऽ | ਮ | ਨਾ |
| ਗ | ਸਾ | ਗ | ਮ | ਪ | – | – | – | ਨੀ | – | ਪ | – | ਮ | ਪ | ਗ | ਮ |
| ਗਾ | ऽ | ऽ | ਇ | ਲੈ | ऽ | ऽ | ऽ | ਜੋ | ऽ | ऽ | ਸੰ | ਗੀ | ऽ | ਹੈ | ऽ |
| ਪ | – | ਗ | ਮ | ਗ | ਗ | ਸਾ | – | – | ਪ- | ਨੀ | ਨੀ | ਸਾ | ਸਾ | ਗ | ਮ |
| ਤੇ | ऽ | ऽ | ऽ | ਰੋ | ऽ | ऽ | ऽ | – | ਅਉ | ਸ | ਰੁ | ਬੀ | ऽ | ਤਿ | ਉ |
| ਪ | – | ਗ | ਮ | ਗ | ਗ | ਸਾ | – | ਗਮ | ਪਨੀ | ਨੀ | ਸਾਂ | ਨੀ | ਪ | ਗ | ਮ |
| ਜਾ | ऽ | ऽ | ਤੁ | ਹੈ | ऽ | ऽ | ऽ | ਕਹਿ | ਓऽ | ऽ | ਮਾ | ऽ | ਨ | ਲੈ | ऽ |
| ਗਮ | ਪਨੀ | ਪ | ਮ | ਗ | ਗ | ਸਾ | ਸਾ | | | | | | | | |
| ਮੇऽ | ऽऽ | ऽ | ऽ | ਰੋ | ऽ | ऽ | ऽ | | | | | | | | |
| **ਅੰਤਰਾ** | | | | | | | | | | | | | | | |
| | | | | | | | | ਗ | ਗ | ਮ | ਮ | ਪ | ਪ | ਨੀ | ਨੀ |
| | | | | | | | | ਸੰ | ऽ | ਪ | ਤਿ | ਰ | ਥ | ਧ | ਨ |
| ਸਾਂ | ਸਾਂ | ਸਾਂ | ਸਾਂ | ਗਂ | ਗਂ | ਸਾਂ | ਸਾਂ | ਨੀ | ਨੀ | ਨੀ | ਸਾਂ | ਨੀ | ਪ | ਮ | ਗ |
| ਰਾ | ऽ | ਜ | ਸਿ | ਉ | ऽ | ऽ | ऽ | ਅ | ऽ | ऽ | ਤਿ | ਨੇ | ऽ | ਹੁ | ਲ |
| ਗਮ | ਪਨੀ | ਪ | ਮ | ਗ- | – | – | – | ਪ | ਪ | ਨੀ | ਨੀ | ਸਾਂ | ਸਾ | ਗ | ਮਂ |
| ਗਾऽ | ऽऽ | ऽ | ऽ | ਇਓ | ऽ | ऽ | ऽ | ਕਾ | ऽ | ਲ | ਫਾ | ऽ | ਸ | ਜ | ਬ |
| ਗਂ | ਗਂ | ਗਂ | ਸਾਂ | ਗਂ | ਸਾਂ | ਸਾਂ | ਸਾਂ | ਗਮ | ਪਨੀ | ਸਾਂ | ਸਾਂ | ਨੀ | ਪ- | ਗ | ਮ |
| ਗ | ਲ | ਪ | ऽ | ਰੀ | ऽ | ऽ | ऽ | ਸਭ | ऽऽ | ऽ | ਭ | ਭ | ਇਓ | ऽ | ਪ |
| ਗਮ | ਪਨੀ | ਪ | ਪ | ਗ- | ਗ | ਸਾ | – | | | | | | | | |
| ਰਾऽ | ऽ | ऽ | ऽ | ਇਓ | ऽ | ऽ | ऽ | | | | | | | | |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 15. ਰਾਗੁ ਸੂਹੀ

ਸੂਹੀ ਰਾਗ ਇਕ ਪ੍ਰਚਲਿਤ ਰਾਗ ਹੈ। ਪੁਰਾਤਨ, ਮੱਧ ਜਾਂ ਵਰਤਮਾਨ ਯੁੱਗ ਇਸ ਰਾਗ ਦਾ ਕਿਤੇ ਵੀ ਉਲੇਖ ਨਹੀਂ ਮਿਲਦਾ, ਸਿਰਫ ਸ੍ਰੀ ਗੁਰੂ ਗ੍ਰੰਥ ਵਿਚ ਇਸ ਰਾਗ ਦਾ ਕਿਤੇ ਵਰਣਨ ਹੈ। ਇਸ ਰਾਗ ਵਿਚ ਪਹਿਲੇ ਪੰਜ ਗੁਰੂ ਸਾਹਿਬਾਨਾਂ ਨੇ ਬਾਣੀ ਦੀ ਰਚਨਾ ਕੀਤੀ। ਵੈਸੇ ਇਹ ਰਾਗ 'ਸੂਫੀਆਂ'[8] ਦਾ ਪ੍ਰਿਯ ਰਾਗ ਹੈ। ਕਈ ਵਿਦਵਾਨ ਸੂਹਾ ਰਾਗ ਨੂੰ ਹੀ ਸੂਹੀ ਮੰਨਦੇ ਹਨ। ਭਾਈ ਕਾਨ੍ਹ ਸਿੰਘ ਜੀ (ਨਾਭਾ) ਨੇ ਰਾਗ ਬਾਰੇ ਇਸ ਤਰ੍ਹਾਂ ਲਿਖਿਆ ਹੈ "ਸੂਹੀ ਇਕ ਰਾਗਣੀ ਹੈ, ਜਿਸ ਨੂੰ ਸੂਹਾ ਵੀ ਆਖਦੇ ਹਨ। ਇਹ ਕਾਫੀ ਥਾਟ ਦੀ ਸ਼ਾੜਵ-ਰਾਗਣੀ ਹੈ। ਇਸ ਵਿਚ ਧੈਵਤ ਵਰਜਿਤ ਹੈ। ਇਸ ਵਿਚ ਗੰਧਾਰ ਤੇ ਨਿਸ਼ਾਦ ਕੋਮਲ ਬਾਕੀ ਸਾਰੇ ਸਵਰ ਸ਼ੁੱਧ ਲਗਦੇ ਹਨ। ਵਾਦੀ-ਸੰਵਾਦੀ ਮਧਿਅਮ ਸ਼ੜਜ ਹੈ। ਇਸ ਰਾਗ ਦਾ ਗਾਇਨ ਗਾਉਣ ਦਾ ਸਮਾਂ ਦੋ ਘੜੀ ਦਿਨ ਚੜੇ ਹੈ।"[9]

| | |
|---|---|
| ਆਰੋਹ | ਸਾ ਰੇ ਗ ਮ ਪ ਨ਼ੀ ਸਾਂ |
| ਅਵਰੋਹ | ਸਾਂ ਨ਼ੀ ਮ ਪ, ਗ਼ ਰੇ ਸਾ |

ਗੁਰਮਤਿ ਸੰਗੀਤ ਦੇ ਕੀਰਤਨਕਾਰਾਂ ਵਿਚ ਬਿਲਾਵਲੀ ਅੰਗ ਦਾ ਸੂਹੀ ਵਧੇਰੇ ਪ੍ਰਚਲਿਤ ਰਿਹਾ ਹੈ। ਕੁਝ ਲੋਕ ਇਸ ਦਾ ਥਾਟ ਬਿਲਾਵਲ ਮੰਨਦੇ ਹਨ। ਇਸ ਰਾਗ ਦੇ ਦੋ ਪ੍ਰਕਾਰ ਪ੍ਰਚਾਰ ਵਿਚ ਹਨ। ਇਸ ਵਿਚ ਕੋਮਲ ਨ਼ੀ ਦੀ ਵਰਤੋਂ ਬਿਲਾਵਲ ਅੰਗ ਤੋਂ ਦੂਜੇ ਵਿਚ ਨਿਸ਼ਾਦ ਕੋਮਲ ਦੀ ਖਮਾਜ ਅੰਗ ਤੋਂ ਕੀਤੀ ਜਾਂਦੀ ਹੈ।

ਗੁਰਮਤਿ ਵਿਦਵਾਨਾਂ ਅਨੁਸਾਰ ਸੂਹੀ ਦਾ ਪ੍ਰਮਾਣਿਕ ਰੂਪ ਇਸ ਤਰ੍ਹਾਂ ਹੈ :

| | |
|---|---|
| ਥਾਟ | ਬਿਲਾਵਲ |
| ਜਾਤੀ | ਸੰਪੂਰਨ-ਸੰਪੂਰਨ |
| ਵਾਦੀ | ਪੰਚਮ |
| ਸੰਵਾਦੀ | ਸ਼ੜਜ |
| ਸਮਾਂ | ਦਿਨ ਦਾ ਦੂਸਰਾ ਪਹਿਰ |
| ਸੁਰ | ਦੋਵੇਂ ਨਿਸ਼ਾਦ ਬਾਕੀ ਸਾਰੇ ਸ਼ੁੱਧ |
| ਆਰੋਹ | ਸਾ ਰੇ ਗ ਮ ਪ, ਨੀ ਧ ਨੀ ਸਾਂ |
| ਅਵਰੋਹ | ਸਾਂ ਨ਼ੀ ਧ ਪ, ਮ ਗ ਰੇ ਗ ਰੇ ਸਾ |
| ਮੁੱਖ ਅੰਗ | ਸਾਂ ਨ਼ੀ ਪ, ਮ ਗ ਰੇ ਗ, ਮ ਗ ਰੇ ਸਾ |

**ਸੁਰ ਵਿਸਥਾਰ** : ਸਾ, ਸਾ ਰੇ ਗ ਰੇ ਸਾ, ਨ਼ੀ ਨ਼ੀ ਸਾ, ਸਾ ਰੇ ਨ਼ੀ ਸਾ, ਪ਼ ਪ਼ ਨ਼ੀ ਧ਼ ਨ਼ੀ ਸਾ, ਸਾ ਰੇ ਗ, ਗ ਮ ਰੇ ਰੇ ਗ ਮ, ਮ ਗ ਰੇ ਗ, ਰੇ ਰੇ ਸਾ, ਸਾ ਰੇ ਸਾ, ਰੇ ਗ ਰੇ, ਗ ਗ ਮ ਮ ਪ, ਗ ਮ ਰੇ ਗ ਮ ਗ, ਰੇ ਸਾ, ਸਾ ਨ਼ੀ ਪ਼, ਮ਼ ਮ਼ ਪ਼, ਨ਼ੀ ਧ਼ ਨ਼ੀ ਸਾ, ਨ਼ੀ ਨ਼ੀ ਸਾ ਰੇ ਗ ਗ ਮ ਗ ਰੇ ਸਾ ਰੇ ਸਾ, ਰੇ ਗ ਸਾ ਰੇ ਨ਼ੀ ਨ਼ੀ ਸਾ, ਰੇ ਗ ਮ ਪ, ਮ ਪ ਧ ਮ ਪ ਗ, ਮ ਰੇ, ਸਾ ਰੇ ਨ਼ੀ ਨ਼ੀ ਸਾ, ਰੇ ਗ ਮ ਪ, ਗ ਮ ਪ ਧ ਨ਼ੀ ਧ ਪ, ਮ ਪ ਧ ਮ ਪ, ਗ ਮ ਰੇ ਗ, ਮ ਪ, ਧ ਧ ਨ਼ੀ ਪ ਮ ਗ ਰੇ ਸਾ, ਰੇ ਗ ਮ ਗ ਰੇ ਗ ਮ ਪ, ਮ ਮ ਪ ਧ ਧ ਨ਼ੀ ਪ ਨੀ ਧ ਨੀ ਸਾਂ, ਸਾਂ ਨ਼ੀ ਧ ਨ਼ੀ ਪ, ਮ ਗ ਰੇ ਗ ਸ ਗ ਰੇ ਗ ਮ ਪ, ਸਾ ਰੇ ਨ਼ੀ ਸਾ, ਰੇ ਗ ਮ ਪ,

ਪ ਪ ਨੀ ਧ ਨੀ ਸਾਂ, ਸਾਂ ਨ੍ੀ ਧ ਪ, ਰੇ ਗ ਮ ਪ ਧ ਨੀ ਸਾਂ, ਸਾਂ ਰੇਂ ਗਂ ਮਂ ਗਂ ਰੇਂ ਸਾਂ, ਸਾ ਰੇਂ ਸਾਂ ਸਾਂ ਨ੍ੀ ਨ੍ੀ ਪ, ਪ ਧ ਮ ਪ ਗ ਮ, ਰੇ ਗ ਮ ਪ ਧ ਨ੍ੀ ਧ ਪ, ਮ ਗ ਰੇ ਗ ਮ ਗ ਰੇ ਸਾ, ਨ਼ੀ ਨ਼ੀ ਸਾ, ਸਾ ਰੇ ਗ ਮ ਪ, ਨੀ ਧ ਨੀ ਨੀ ਸਾਂ, ਸਾਂ ਨ੍ੀ ਧ ਪ, ਮ ਗ ਰੇ ਗ ਰੇ ਸਾ, ਨ੍ੀ ਪ, ਮ ਗ ਰੇ ਗ ਮ ਪ ਧ ਨ੍ੀ ਪ, ਨੀ ਧ ਨੀ ਨੀ ਸਾਂ ਰੇਂ ਨੀ ਸਾਂ, ਸਾਂ ਨ੍ੀ ਧ ਪ, ਮ ਗ ਰੇ ਗ ਰੇ ਸਾ।

**ਰਾਗ ਸੂਹੀ ਮਹਲਾ ੫ ॥**

ਕਿਆ ਗੁਣ ਤੇਰੇ ਸਾਰਿ ਸਮ੍ਹਾਲੀ ਮੋਹਿ ਨਿਰਗੁਨ ਕੇ ਦਾਤਾਰੇ ॥
ਬੈ ਖਰੀਦੁ ਕਿਆ ਕਰੇ ਚਤੁਰਾਈ ਇਹੁ ਜੀਉ ਪਿੰਡੁ ਸਭੁ ਥਾਰੇ ॥੧॥
ਲਾਲ ਰੰਗੀਲੇ ਪ੍ਰੀਤਮ ਮਨਮੋਹਨ ਤੇਰੇ ਦਰਸਨ ਕਉ ਹਮ ਬਾਰੇ ॥੧॥ ਰਹਾਉ ॥
ਪ੍ਰਭੁ ਦਾਤਾ ਮੋਹਿ ਦੀਨੁ ਭੇਖਾਰੀ ਤੁਮ੍ਹ ਸਦਾ ਸਦਾ ਉਪਕਾਰੇ ॥
ਸੋ ਕਿਛੁ ਨਾਹੀ ਜਿ ਮੈ ਤੇ ਹੋਵੈ ਮੇਰੇ ਠਾਕੁਰ ਅਗਮ ਅਪਾਰੇ ॥੨॥
ਕਿਆ ਸੇਵ ਕਮਾਵਉ ਕਿਆ ਕਹਿ ਰੀਝਾਵਉ ਬਿਧਿ ਕਿਤੁ ਪਾਵਉ ਦਰਸਾਰੇ ॥
ਮਿਤਿ ਨਹੀ ਪਾਈਐ ਅੰਤੁ ਨ ਲਹੀਐ ਮਨੁ ਤਰਸੈ ਚਰਨਾਰੇ ॥੩॥
ਪਾਵਉ ਦਾਨੁ ਢੀਠੁ ਹੋਇ ਮਾਗਉ ਮੁਖਿ ਲਾਗੈ ਸੰਤ ਰੇਨਾਰੇ ॥
ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਪ੍ਰਭਿ ਹਾਥ ਦੇਇ ਨਿਸਤਾਰੇ ॥੪॥੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 738)

**ਰਾਗ ਸੂਹੀ** ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | | | |
| | | | | | | | | | | | ਰੇਗ | ਮਪ | ਗਮ | ਪਧ | ਧ |
| | | | | | | | | | | | ਲਾऽ | ऽऽ | ਲऽ | ऽऽ | ਰੰ |
| ਨ੍ੀ | ਧ | ਪ | ਮ | ਗ | ਗ | ਮ | ਪ | ਗਮ | ਪ | - | ਪਪ | ਮ | ਗ | ਗਰੇ | ਮਗ |
| ਗੀ | ऽ | ਲੇ | ਪ੍ਰੀ | ਤ | ਮ | ਮ | ਨ | ਮੋऽ | ਹ | ਨ | ਤੇਰੇ | ਦ | ਰ | ਸऽ | ਨऽ |
| ਸਾਰੇ | ਨ਼ੀ | ਸਾ | ਸਾ | ਰੇਗ | ਮਪ | ਗਮ | ਪਧ | ਨ੍ੀ | ਧ | ਪ | | | | | |
| ਕਉ | ऽ | ਹ | ਮ | ਬਾऽ | ऽऽ | ऽऽ | ऽऽ | ਰੇ | ऽ | ऽ | | | | | |
| **ਅੰਤਰਾ** | | | | | | | | | | | | | | | |
| | | | | | | | | | | | ਗਗ | ਗ | ਮ | ਪ | ਧ |
| | | | | | | | | | | | ਕਿਆ | ऽ | ਗੁ | ऽ | ਣ |
| ਨੀ | ਧ | ਪ | ਪ | ਸਾਂ | ਨ੍ੀ | ਧ | ਪ | ਮ | ਪ | ਪ | ਸਾਂਸਾਂ | ਸਾਂ | ਰੇਂ | ਗਂ | ਮਂ |
| ਤੇ | ऽ | ਰੇ | ऽ | ਸਾ | ऽ | ਰ | ਸ | ਮ੍ਹਾ | ऽ | ਲੀ | ਮੋਹਿ | ਨਿ | ਰ | ਗੁ | ਣ |
| ਗਂ | ਰੇਂ | ਸਾਂ | ਸਾਂ | ਨ੍ੀ | ਧ | ਪ | ਮਗ | ਰੇਗ | ਮ | ਪ | - | - | ਸਾਂ | ਨ੍ੀ | ਧ |
| ਕੇ | ऽ | ਦਾ | ऽ | ਤਾ | ऽ | ऽ | ऽऽ | ਰੇऽ | ऽ | ऽ | ऽ | ऽ | ਬੈ | ऽ | ਖ |
| ਮ | ਪ | ਗ- | ਮ | ਰੇ | ਗ- | ਮ | ਗ | ਰੇ | ਰੇ | ਸਾ | ਸਾ | - | ਸਾਸਾ | ਗ | ਮ |
| ਰੀ | ਦ | ਕਿਆ | ऽ | ऽ | ਕਰੇ | ਚ | ਤੁ | ਰਾ | ऽ | ਈ | ऽ | ਇਹ | ਜੀਂऽ | ਓ | ਪਿੰ |
| ਪ | ਮ | ਪ | ਧ | ਪਨ੍ੀ | ਧਨ੍ੀ | ਪਧ | ਮਪ | ਗਮ | ਪਮ | ਗਰੇ | | | | | |
| ऽ | ਡ | ਸ | ਭ | ਥਾऽ | ऽऽ | ऽऽ | ऽऽ | ਰੇऽ | ऽऽ | ऽऽ | | | | | |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 16. ਰਾਗੁ ਬਿਲਾਵਲ

ਬਿਲਾਵਲ ਰਾਗ ਬੜਾ ਹੀ ਪ੍ਰਸਿੱਧ ਅਤੇ ਪੁਰਾਤਨ ਰਾਗ ਹੈ। ਸੰਗੀਤ ਦੇ ਪ੍ਰਾਚੀਨ ਗ੍ਰੰਥਾਂ ਵਿਚ ਇਸ ਰਾਗ ਦਾ ਉਲੇਖ ਮਿਲਦਾ ਹੈ। ਇਸ ਨੂੰ ਵੱਖੋ-ਵੱਖਰੇ ਨਾਮਾਂ ਨਾਲ ਜਾਣਿਆ ਗਿਆ ਹੈ, ਜਿਸ ਤਰ੍ਹਾਂ ਬੇਲਾਵਲੀ, ਵਿਲਾਵਲੀ ਜਾਂ ਬਿਲਾਵਲੀ ਕਹਿੰਦੇ ਹਨ। ਗੁਰਬਾਣੀ ਵਿਚ ਬਿਲਾਵਲ ਰਾਗ ਬਾਰੇ ਫੁਰਮਾਨ ਹੈ :

ਬਿਲਾਵਲ ਤਬ ਹੀ ਕੀਜੀਐ, ਜਬ ਮੁਖ ਹੋਵੈ ਨਾਮ॥
ਰਾਗ ਨਾਦ ਸਬਦ ਸੋਹਣੇ ਜਾਂ ਲਾਗੈ ਸਹਿਜ ਧਿਆਨ॥

ਰਾਗ ਬਿਲਾਵਲ, ਬਿਲਾਵਲ ਥਾਟ ਦਾ ਪ੍ਰਮੁੱਖ ਰਾਗ ਹੈ। ਇਸ ਵਿਚ ਸਾਰੇ ਸਵਰ ਸ਼ੁੱਧ ਲਗਦੇ ਹਨ। ਕਦੀ-ਕਦੀ ਧੈਵਤ ਦੇ ਸੰਯੋਗ ਨਾਲ ਕੋਮਲ ਨਿਸ਼ਾਦ ਕਣ ਰੂਪ ਵਿਚ ਅਵਰੋਹ ਵਿਚ ਲਿਆ ਜਾਂਦਾ ਹੈ। ਕਈ ਕਲਾਕਾਰ ਇਸ ਨੂੰ ਸਵੇਰ ਦਾ ਕਲਿਆਣ ਵੀ ਕਹਿੰਦੇ ਹਨ। ਇਸ ਦਾ ਵਾਦੀ ਧੈਵਤ ਅਤੇ ਸੰਵਾਦੀ ਗੰਧਾਰ ਹੈ। ਬਿਲਾਵਲ ਰਾਗ ਦੀ ਜਾਤੀ ਬਾਰੇ ਕਲਾਕਾਰਾਂ ਵਿਚ ਮਤਭੇਦ ਹਨ। ਕਈ ਕਲਾਕਾਰ ਸ਼ਾੜਵ-ਸੰਪੂਰਨ, ਕਈ ਸੰਪੂਰਨ-ਸੰਪੂਰਨ ਅਤੇ ਕਈ ਸ਼ਾੜਵ-ਵਕਰ ਸੰਪੂਰਨ ਮੰਨਦੇ ਹਨ। ਇਸ ਰਾਗ ਦੇ ਆਰੋਹ ਵਿਚ ਆਮ ਤੌਰ ਤੇ ਮੱਧਮ ਸਵਰ ਵਰਜਿਤ ਹੁੰਦਾ ਹੈ, ਪਰ ਅਵਰੋਹ ਵਿਚ ਇਹ ਵਕਰ ਰੂਪ ਨਾਲ ਸੱਤਾਂ ਸਵਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਅਵਰੋਹ ਵਿਚ ਵੀ ਕਈ ਵਾਰ ਨਿਸ਼ਾਦ ਦਾ ਪ੍ਰਯੋਗ ਵਕਰ ਢੰਗ ਨਾਲ ਲਿਆ ਜਾਂਦਾ ਹੈ, ਜਿਵੇਂ 'ਪ ਧ ਨੀ ਧ ਸਾਂ'। ਇਸ ਰਾਗ ਵਿਚ ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

ਇਸ ਰਾਗ ਦਾ ਸਰੂਪ ਗੁਰਮਤਿ ਸੰਗੀਤ ਵਿਦਵਾਨਾਂ ਅਨੁਸਾਰ ਇਸ ਪ੍ਰਕਾਰ ਹੈ :

| | |
|---|---|
| ਥਾਟ | ਬਿਲਾਵਲ |
| ਜਾਤੀ | ਸੰਪੂਰਨ |
| ਵਾਦੀ | ਧੈਵਤ |
| ਸੰਵਾਦੀ | ਗੰਧਾਰ |
| ਸਮਾਂ | ਦਿਨ ਦਾ ਦੂਸਰਾ ਪਹਿਰ |
| ਆਰੋਹ | ਸਾ ਰੇ ਗ, ਮ ਪ, ਧ ਨੀ ਸਾਂ |
| ਅਵਰੋਹ | ਸਾਂ ਨੀ ਧ ਪ, ਮ ਗ, ਰੇ ਸਾ |
| ਮੁੱਖ ਅੰਗ | ਗ ਰੇ ਗ ਪ ਧ ਪ, ਮ ਗ, ਮ ਰੇ ਸਾ |

**ਸੁਰ ਵਿਸਥਾਰ :** ਸਾ ਰੇ ਸਾ, ਸਾ ਨ਼ੀ ਧ਼ ਪ, ਧ਼ ਨ਼ੀ ਧ਼ ਨ਼ੀ ਸਾ, ਸਾ ਧ਼ ਧ਼ ਨੀ ਧ਼ ਪ਼, ਮ਼ ਗ਼, ਗ਼ ਪ਼ ਧ਼ ਨ਼ੀ ਸਾ ਰੇ ਸਾ, ਸਾ ਰੇ ਗ, ਸ ਗ ਮ ਰੇ ਸਾ ਰੇ ਸਾ, ਸਾ ਰੇ ਨ਼ੀ ਸਾ ਧ਼ ਧ਼ ਪ਼, ਧ਼ ਨ਼ੀ ਧ਼ ਨ਼ੀ ਸਾ, ਨ਼ੀ ਨ਼ੀ ਸਾ, ਧ਼ ਨ਼ੀ ਸਾ ਰੇ, ਸਾ ਰੇ ਰੇ ਗ, ਗ ਰੇ ਗ, ਮ ਗ ਮ ਰੇ ਸਾ ਰੇ ਸਾ ਨ਼ੀ ਸਾ, ਸਾ, ਗ ਰੇ ਗ ਪ ਮ ਗ, ਮ ਰੇ ਸਾ ਰੇ ਸਾ ਸਾ, ਗ ਮ ਪ ਮ ਗ, ਗ ਰੇ ਗ ਮ ਪ, ਪ ਮ ਗ, ਸਾ ਗ ਰੇ ਗ ਪ, ਪ ਮ ਗ ਮ ਰੇ ਗ ਪ ਧ ਨੀ ਧ ਨੀ ਪ, ਧ ਧ ਪ ਗ ਪ ਮ ਗ ਰੇ ਗ ਰੇ ਸਾ, ਸਾ ਰੇ ਗ ਮ ਪ, ਨੀ ਧ ਨੀ ਸਾਂ, ਸਾਂ ਨੀ ਧ ਨੀ ਧ ਪ, ਗ ਪ ਧ ਨੀ ਸਾਂ ਰੇਂ ਸਾਂ, ਸਾਂ ਸਾਂ ਨੀ ਧ ਨੀ ਧ ਪ, ਧ ਧ ਪ ਮ ਪ ਗ ਮ ਗ, ਗ ਰੇ ਗ ਪ ਧ ਨੀ ਸਾਂ ਰੇਂ ਸਾਂ ਰੇਂ ਗਂ, ਗਂ ਮਂ ਰੇਂ ਸਾਂ, ਸਾਂ ਨੀ ਧ ਨੀ ਧ ਪ, ਗ ਪ ਮ ਗ ਮ ਰੇ ਸਾ ਰੇ ਸਾ, ਸਾ ਰੇ ਗ ਮ ਗ ਰੇ ਗ ਪ ਧ ਨੀ

ਧ ਨੀ ਸਾਂ ਸਾਂ ਰੇਂ ਸਾਂ, ਰੇਂ ਰੇਂ ਸਾਂ ਨੀ ਧ ਪ, ਗ ਪ ਮ ਗ, ਰੇ ਗ, ਗ ਪ, ਧ ਧ ਪ ਮ ਗ ਮ ਰੇ ਰੇ ਸਾ, ਸਾ ਗ, ਗ ਮ ਰੇ ਗ ਪ, ਪ ਪ ਮ ਗ ਸਾ ਰੇ ਸਾ ਨ਼ੀ ਸਾ।

**ਰਾਗ ਬਿਲਾਵਲੁ ਮਹਲਾ ੫ ॥**

ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦੁ ਸਮ੍ਾਰਿਆ ॥
ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ ॥੧॥
ਕਾਰਜੁ ਸਤਿਗੁਰ ਆਪਿ ਸਵਾਰਿਆ ॥
ਵਡੀ ਆਰਜਾ ਹਰਿਗੋਬਿੰਦ ਕੀ ਸੂਖ ਮੰਗਲ ਕਲਿਆਣ ਬੀਚਾਰਿਆ ॥੧॥ ਰਹਾਉ ॥
ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ ॥
ਮਨ ਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ ॥੨॥੫॥੨੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 806-7)

**ਰਾਗ ਬਿਲਾਵਲੁ** **ਤਿੰਨ ਤਾਲ**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| **ਸਥਾਈ** | | | | | | | | | | | | | | | |
| | | | | | | | | ਸਾਂ | ਸਾਂ | ਧ | ਪ | ਮ | ਗ | ਮ | ਰੇ |
| | | | | | | | | ਕਾ | ς | ਰ | ਜੁ | ਸ | ਤਿ | ਗੁ | ਰ |
| ਗਮ | ਰੇਗ | ਪ | ਮ | ਗ | ਰੇ | ਸਾ | – | ਗ | – | ਗ | ਮ | ਰੇ | ਰੇ | ਸਾ | – |
| ਆς | ςς | ਪਿ | ਸ | ਵਾ | ς | ਰਿਆς | | ਵ | ς | ਡੀ | ਆ | ς | ਰ | ਜਾ | ς |
| ਗ | ਰੇ | ਗ | ਗ | ਪ | ਪ | ਪ | – | ਗ | ਗ | ਪ | ਪ | ਨੀ | ਧ | ਨੀ | ਨੀ |
| ਹ | ਰਿ | ਗੋ | ς | ਬਿੰ | ਦ | ਕੀ | ς | ਸੂ | ਖ | ਮੰ | ς | ਗ | ਲ | ਕ | ਲਿ |
| ਸਾਂ | – | ਧ | ਪ | ਗ | –ਪ | ਮ | ਗ | | | | | | | | |
| ਆ | ς | ਣ | ਬੀ | ਚਾ | ςਰਿ | ਆ | ς | | | | | | | | |
| **ਅੰਤਰਾ** | | | | | | | | | | | | | | | |
| | | | | | | | | ਗ | ਗ | ਪ | ਪ | ਧ | ਧ | ਨੀ | ਨੀ |
| | | | | | | | | ਸ | ਗ | ਲ | ਅ | ਨੰ | ς | ਦੁ | ਕੀ |
| ਸਾਂ | – | ਸਾਂ | – | ਸਾਂ | ਰੇਂ | ਸਾਂ | ਸਾਂ | ਸਾਂ | ਰੇਂ | ਗਂ | ਸਾਂ | ਰੇਂ | ਰੇਂ | ਸਾਂ | ਸਾਂ |
| ਆ | ς | ਪ | ਰ | ਮੇ | ς | ਸ | ਰਿ | ਅ | ਪ | ਣਾ | ς | ਬਿ | ਰ | ਦੁ | ਸ |
| ਧ | ਨੀ | ਸਾਂ | ਰੇਂ– | ਧ | ਨੀ | ਪ | ਪ | ਸਾਂ | – | ਧ | ਧ | ਪ | ਪ | ਪ | ਪ |
| ਮ੍ਾ | ς | ς | ਰਿς | ਆ | ς | ς | ς | ਸਾ | ς | ਧ | ਜ | ਨਾ | ς | ਹੋ | ς |
| ਗਮ | ਰੇਗ | ਪ | ਮ | ਗ | ਰੇ | ਸਾ | ਸਾ | ਗ | ਗ | ਪ | ਪ | ਨੀ | ਧ | ਨੀ | ਨੀ |
| ਏς | ςς | ਕਿ | ਰ | ਪਾ | ς | ਲਾ | ς | ਬਿ | ਗ | ਸੇ | ς | ਸ | ਭਿ | ਪ | ਰ |
| ਸਾਂਰੇ | ਗਂਰੇਂ | ਸਾਂਨੀ | ਧਪ | ਰੇਗ | ਪਮ | ਗਰੇ | ਸਾς | | | | | | | | |
| ਵਾ | ςς | ςς | ਰਿς | ਆς | ςς | ςς | ςς | | | | | | | | |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 17. ਰਾਗੁ ਗੋਂਡ

ਭਾਰਤੀ ਸੰਗੀਤ ਵਿਚ ਗੋਂਡ ਰਾਗ ਦੀ ਗਣਨਾ ਅਲਪ ਪ੍ਰਚਲਿਤ ਰਾਗਾਂ ਵਿਚ ਕੀਤੀ ਜਾਂਦੀ ਹੈ। ਇਹ ਬੜਾ ਹੀ ਮਧੁਰ ਅਤੇ ਪ੍ਰਭਾਵਸ਼ਾਲੀ ਰਾਗ ਹੈ। ਪੁਰਾਤਨ ਕੀਰਤਨਕਾਰ ਇਸ ਰਾਗ ਨੂੰ ਬਿਲਾਵਲ ਅੰਗ ਨਾਲ ਗਾਉਂਦੇ ਹਨ। ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਵਿਚ ਇਸ ਪ੍ਰਕਾਰ ਗੋਂਡ ਰਾਗ ਦਾ ਉਲੇਖ ਕਰਦੇ ਹਨ, "ਰਾਗ ਗੋਂਡ ਇਕ ਰਾਗ ਹੈ ਜੋ ਸੰਪੂਰਣ ਜਾਤੀ ਦਾ ਹੈ। ਇਸ ਵਿਚ ਸ਼ੜਜ, ਰਿਸ਼ਭ ਮਧਿਅਮ, ਪੰਚਮ, ਨਿਸ਼ਾਦ ਸ਼ੁੱਧ ਗੰਧਾਰ ਅਤੇ ਧੈਵਤ ਕੋਮਲ ਹਨ। ਗ੍ਰਹਿ ਸੁਰ ਗੰਧਾਰ, ਵਾਦੀ ਪੰਚਮ ਅਤੇ ਸੰਵਾਦੀ ਮਧਿਅਮ ਹੈ। ਗਾਉਣ ਦਾ ਵੇਲਾ ਦੁਪਹਿਰ ਹੈ। ਸਾ ਰੇ ਗ ਮ, ਸਾ ਰੇ ਮ ਮ ਪ ਧੁ ਸਾਂ ਧੁ ਨੀ ਪ, ਮ ਗ ਮ ਰੇ ਸਾ।"

ਗੋਂਡ ਰਾਗ ਦਾ ਇਹ ਪ੍ਰਕਾਰ ਅੱਜਕਲ੍ਹ ਬਹੁਤ ਘੱਟ ਸੁਣਨ ਨੂੰ ਮਿਲਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੋਂਡ ਰਾਗ ਅਧੀਨ ਇਕ ਹੋਰ ਰਾਗ ਪ੍ਰਾਪਤ ਹੁੰਦਾ ਹੈ ਜੋ 'ਬਿਲਾਵਲ ਗੋਂਡ' ਹੈ। ਰਾਗ ਗੋਂਡ ਵਿਚ ਚੌਥੀ ਅਤੇ ਪੰਜਵੀਂ ਪਾਤਸ਼ਾਹੀ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚੋਂ ਪ੍ਰਾਪਤ ਹੁੰਦੀ ਹੈ।

ਗੁਰਮਤਿ ਸੰਗੀਤ ਵਿਦਵਾਨਾਂ ਅਨੁਸਾਰ ਗੋਂਡ ਰਾਗ ਦਾ ਸਰੂਪ ਇਸ ਪ੍ਰਕਾਰ ਪ੍ਰਚਲਿਤ ਹੈ :

| | |
|---|---|
| ਥਾਟ | ਬਿਲਾਵਲ |
| ਜਾਤੀ | ਸੰਪੂਰਨ-ਸੰਪੂਰਨ |
| ਵਾਦੀ | ਸ਼ੜਜ |
| ਸੰਵਾਦੀ | ਮਧਿਅਮ |
| ਸਮਾਂ | ਦਿਨ ਦਾ ਦੂਜਾ ਪਹਿਰ |
| ਸੁਰ | ਸਾਰੇ ਸ਼ੁੱਧ |
| ਆਰੋਹ | ਸਾ ਰੇ ਗ ਮ, ਪ ਧ ਨੀ ਧ ਨੀ ਸਾਂ |
| ਅਵਰੋਹ | ਸਾਂ ਨੀ ਧ ਨੀ ਪ, ਮ ਗ ਰੇ ਸਾ |
| ਮੁੱਖ ਅੰਗ | ਰੇ ਗ ਮ, ਪ ਮ ਮ ਪ ਨੀ ਧ ਨੀ ਪ, ਧ ਮ ਗ ਮ, ਰੇ ਸਾ |

**ਸੁਰ ਵਿਸਥਾਰ :** ਸਾ ਰੇ ਸਾ, ਗ ਰੇ ਸਾ, ਸਾ ਨ਼ੀ ਸਾ, ਸਾ ਨ਼ੀ ਧ਼ ਨ਼ੀ ਪ਼ ਧ਼ ਨ਼ੀ ਧ਼ ਨ਼ੀ ਨ਼ੀ ਸਾ, ਧ਼ ਧ਼ ਨ਼ੀ ਪ਼, ਨ਼ੀ ਧ਼ ਨ਼ੀ ਧ਼ ਨ਼ੀ ਸਾ, ਸਾ ਰੇ ਗ ਮ, ਮ ਗ ਮ, ਰੇ ਗ ਮ, ਪ ਮ, ਗ ਮ ਗ ਰੇ ਸਾ, ਰੇ ਗ ਗ ਮ, ਪ ਪ ਮ, ਮ ਮ ਪ, ਨੀ ਧ ਪ, ਨੀ ਧ ਨੀ ਪ ਧ ਧ ਪ, ਧ ਧ ਮ ਗ ਮ, ਗ ਰੇ, ਸਾ ਰੇ ਸਾ, ਪ ਪ ਧ ਨੀ ਧ ਪ, ਧ ਨੀ ਪ ਨੀ ਧ ਨੀ ਸਾਂ, ਸਾਂ ਸਾਂ ਨੀ ਨੀ ਧ ਨੀ ਨੀ ਪ, ਧ ਮ ਗ ਮ ਪ, ਧ ਨੀ ਸਾਂ, ਸਾਂ ਰੇਂ ਗਂ ਗਂ ਮਂ, ਮਂ ਗਂ ਰੇਂ ਸਾਂ, ਸਾਂ ਨੀ ਧ ਪ ਧ ਨੀ ਪ ਧ ਮ ਪ ਮ ਗ ਮ, ਰੇ ਗ ਮ ਪ ਧ ਮ ਗ ਮ, ਗ ਰੇ ਸਾ, ਮ ਮ ਗ ਰੇ, ਸਾ ਰੇ ਗ ਮ, ਪ ਪ ਨੀ ਧ ਨੀ ਸਾਂ, ਰੇਂ ਗਂ ਮਂ, ਮਂ ਗਂ ਰੇਂ, ਸਾਂ ਰੇਂ ਸਾਂ ਨੀ ਧ ਨੀ ਪ, ਪ ਪ ਨੀ ਧ ਪ ਮ ਗ ਮ ਗ ਰੇ ਸਾ ਰੇ ਸਾ, ਗ ਮ ਪ, ਮ ਪ ਧ ਨੀ ਧ, ਨੀ ਪ, ਪ ਪ ਧ ਨੀ ਧ ਨੀ ਸਾਂ ਰੇਂ ਸਾਂ, ਨੀ ਨੀ ਸਾਂ, ਸਾਂ ਸਾਂ ਰੇਂ ਰੇਂ ਗਂ ਮਂ ਰੇਂ ਗਂ ਮਂ, ਮਂ ਗਂ ਰੇਂ ਸਾਂ ਰੇਂ ਸਾਂ ਨੀ ਧ ਪ, ਨੀ ਨੀ ਪ ਮ ਗ ਰੇ ਗ ਮ ਗ ਰੇ ਸਾ।

**ਰਾਗ ਗੋਂਡ ਮਹਲਾ ੫॥**

ਗੁਰੂ ਗੁਰੂ ਗੁਰ ਕਰਿ ਮਨ ਮੋਰ॥ ਗੁਰੂ ਬਿਨਾ ਮੈ ਨਾਹੀ ਹੋਰ॥
ਗੁਰ ਕੀ ਟੇਕ ਰਹਹੁ ਦਿਨੁ ਰਾਤਿ॥ ਜਾ ਕੀ ਕੋਇ ਨ ਮੇਟੈ ਦਾਤਿ॥੧॥
ਗੁਰੁ ਪਰਮੇਸਰੁ ਏਕੋ ਜਾਣੁ॥ ਜੋ ਤਿਸੁ ਭਾਵੈ ਸੋ ਪਰਵਾਣੁ॥੧॥ ਰਹਾਉ॥
ਗੁਰ ਚਰਣੀ ਜਾ ਕਾ ਮਨੁ ਲਾਗੈ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ॥
ਗੁਰ ਕੀ ਸੇਵਾ ਪਾਏ ਮਾਨੁ॥ ਗੁਰ ਊਪਰਿ ਸਦਾ ਕੁਰਬਾਨੁ॥੨॥
ਗੁਰ ਕਾ ਦਰਸਨੁ ਦੇਖਿ ਨਿਹਾਲ॥ ਗੁਰ ਕੇ ਸੇਵਕ ਕੀ ਪੂਰਨ ਘਾਲ॥
ਗੁਰ ਕੇ ਸੇਵਕ ਕਉ ਦੁਖੁ ਨ ਬਿਆਪੈ॥ ਗੁਰ ਕਾ ਸੇਵਕੁ ਦਹ ਦਿਸਿ ਜਾਪੈ॥੩॥
ਗੁਰ ਕੀ ਮਹਿਮਾ ਕਥਨੁ ਨ ਜਾਇ॥ ਪਾਰਬ੍ਰਹਮ ਗੁਰੁ ਰਹਿਆ ਸਮਾਇਆ॥
ਕਹੁ ਨਾਨਕ ਜਾ ਕੇ ਪੂਰੇ ਭਾਗ॥ ਗੁਰ ਚਰਣੀ ਤਾ ਕਾ ਮਨੁ ਲਾਗ॥੪॥੬॥੮॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 864)

**ਰਾਗ ਗੋਂਡ** **ਤਿੰਨ ਤਾਲ**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| **ਸਥਾਈ** | | | | | | | | | | | | | | | |
| | | | | | | | | | | | ਸਾ | ਰੇ | ਗ | ਮ | ਮ |
| | | | | | | | | | | | ਗੁ | ਰ | ਪ | ऽ | ਰ |
| ਗ | - | ਰੇ | ਸਾ | ਰੇ | - | ਗ | - | ਮ | - | - | ਗ | ਪ | ਨੀ | ਧ | ਨੀ |
| ਮੇ | ऽ | ਸੁ | ਰ | ਏ | ऽ | ਕੋ | ऽ | ਜਾ | ऽ | ਣ | ਜੋ | ऽ | ਤਿ | ऽ | ਸ |
| ਪ | - | ਮ | - | ਗ | - | ਰੇ | - | ਸਾ | - | - | | | | | |
| ਭਾ | ऽ | ਵੈ | ऽ | ਸੋ | ऽ | ਪ | ਰ | ਵਾ | ऽ | ਣੁ | | | | | |
| **ਅੰਤਰਾ** | | | | | | | | | | | | | | | |
| | | | | | | | | | | | ਗ | ਪ | ਧ | ऽ | ਨੀ |
| | | | | | | | | | | | ਗੁ | ਰੂ | ਗੁ | - | ਰੂ |
| ਸਾਂ | - | ਸਾਂ | - | ਸਾਂ | ਰੇਂ | ਗਂ | ਮਂ | ਗਂ | ਰੇਂ | ਸਾਂ | ਗ | ਪ | ਧ | - | ਨੀ |
| ਗੁ | ऽ | ਰ | ऽ | ਕ | ਰਿ | ਮ | ਨ | ਮੋਂ | ऽ | ਰ | ਗੁ | ਰੂ | ऽ | ऽ | ਬਿ |
| ਧ | - | ਪ | - | ਮ | - | ਗ | - | ਪ | - | ਮ | ਗ | ਪ | ਧ | - | ਨੀ |
| ਨਾ | ऽ | ਮੈ | ऽ | ਨਾ | ऽ | ਹੀ | ऽ | ਹੋ | ऽ | ਰ | ਗੁ | ਰ | ਕੀ | ऽ | ऽ |
| ਸਾਂ | - | ਸਾਂ | - | ਨੀ | ਧ | ਨੀ | ਪ | ਮ | ਗ | ਗ | ਗ | ਗ | ਮ | ਗ | ਰੇ |
| ਟੇ | ऽ | ਕ | ਕ | ਰ | ਹਹੁ | ਦਿ | ਨ | ਰਾ | ऽ | ਤ | ਜਾ | ऽ | ਕੀ | ऽ | ऽ |
| ਸਾ | - | ਰੇ | ਸਾ | ਗ | - | ਮ | - | ਗ | ਮ | ਮ | | | | | |
| ਕੋ | ऽ | ਇ | ਨ | ਮੇ | ऽ | ਟੈ | ऽ | ਦਾ | ऽ | ਤਿ | | | | | |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 18. ਰਾਗੁ ਰਾਮਕਲੀ

ਰਾਗ ਰਾਮਕਲੀ ਬੜਾ ਪੁਰਾਤਨ ਤੇ ਪ੍ਰਸਿੱਧ ਰਾਗ ਹੈ। ਸਵੇਰ ਦੇ ਸਮੇਂ ਦੇ ਰਾਗਾਂ ਵਿਚ ਇਸ ਰਾਗ ਦਾ ਮਹੱਤਵਪੂਰਨ ਸਥਾਨ ਹੈ। ਰਾਮਕਲੀ ਰਾਗ ਮੱਧਕਾਲੀਨ ਸਿੱਧ-ਜੋਗੀਆਂ ਸੰਪਰਦਾ ਵਿਚ ਇਸ ਕਾਫੀ ਪ੍ਰਚਲਨ ਰਿਹਾ ਹੈ। ਇਸ ਰਾਗ ਵਿਚ ਸਾਰੇ ਗੁਰੂ ਸਾਹਿਬਾਨਾਂ ਦੀ ਬਾਣੀ ਦਰਜ ਹੈ। ਸਿੱਧ ਗੋਸ਼ਟਿ, ਰਾਮਕਲੀ ਸਦ, ਅਨੰਦ ਸਾਹਿਬ ਦੀਆਂ ਬਾਣੀਆਂ ਇਸੇ ਰਾਗ ਵਿਚ ਹਨ। ਗ੍ਰੰਥਕਾਰਾਂ ਨੇ ਰਾਮਕਲੀ ਰਾਗ ਦਾ ਵਰਗੀਕਰਨ ਭੈਰਵ ਥਾਟ ਦੇ ਅੰਤਰਗਤ ਕੀਤਾ ਹੈ। ਇਸ ਰਾਗ ਦੇ ਨਾਦਾਤਮਕ ਸਰੂਪ ਵਿਚ ਰਿਸ਼ਭ ਧੈਵਤ ਕੋਮਲ, ਦੋਵੇਂ ਮਧਿਅਮ ਤੇ ਦੋਵੇਂ ਨਿਸ਼ਾਦ ਤੇ ਬਾਕੀ ਸਾਰੇ ਸਵਰ ਸ਼ੁੱਧ ਲਗਦੇ ਹਨ। ਇਸ ਦੇ ਆਰੋਹ ਵਿਚ ਆਮ ਤੌਰ ਤੇ ਰਿਸ਼ਭ ਸੁਰ ਦਾ ਤਿਆਗ ਅਵਰੋਹ ਵਿਚ ਸੱਤਾਂ ਸੁਰਾਂ ਦਾ ਪ੍ਰਯੋਗ ਵਕਰ ਢੰਗ ਨਾਲ ਕੀਤਾ ਜਾਂਦਾ ਹੈ। ਇਸ ਰਾਗ ਨੂੰ ਗਾਉਣ ਦਾ ਸਮਾਂ ਸਵੇਰ ਦਾ ਪਹਿਲਾ ਪਹਿਰ ਹੈ। ਸਿੱਖ ਸੰਪਰਦਾ ਵਿਚ ਰਾਗ ਦਾ ਗਾਇਨ ਸਮਾਂ ਸੂਰਜ ਚੜ੍ਹਨ ਤੋਂ ਪਹਿਲਾਂ ਮੰਨਿਆ ਜਾਂਦਾ ਹੈ। ਇਸ ਰਾਗ ਦਾ ਸਰੂਪ ਗੁਰਮਤਿ ਸੰਗੀਤ ਵਿਦਵਾਨਾਂ ਅਨੁਸਾਰ ਨਿਮਨਲਿਖਤ ਹੈ :

| | |
|---|---|
| ਥਾਟ | ਭੈਰਵ |
| ਜਾਤੀ | ਸ਼ਾੜਵ-ਸੰਪੂਰਨ |
| ਵਾਦੀ | ਪੰਚਮ |
| ਸੰਵਾਦੀ | ਰਿਸ਼ਭ |
| ਸਮਾਂ | ਦਿਨ ਦਾ ਪਹਿਲਾ ਪਹਿਰ |
| ਸੁਰ | ਰਿਸ਼ਭ, ਧੈਵਤ ਕੋਮਲ, ਦੋਵੇਂ ਮਧਿਅਮ, ਦੋਵੇਂ ਨਿਸ਼ਾਦ, ਆਰੋਹ ਵਿਚ ਰਿਸ਼ਭ ਵਰਜਿਤ |
| ਆਰੋਹ | ਸਾ ਗ ਮ ਪ, ਧ̱ ਨੀ ਸਾਂ |
| ਅਵਰੋਹ | ਸਾਂ ਨੀ ਧ̱, ਪ, ਮ̍ ਪ ਧ̱ ਨ̱ੀ ਧ̱, ਪ, ਗ ਮ ਰੇ̱, ਸਾ |
| ਮੁੱਖ ਅੰਗ | ਧ̱, ਪ, ਮ̍ ਪ, ਧ̱ ਨ̱ੀ ਧ̱ ਪ, ਗ ਮ ਰੇ̱ ਸਾ |

**ਸੁਰ ਵਿਸਥਾਰ :** ਸਾ, ਸਾ ਸਾ ਨ਼ੀ ਧ਼ ਪ਼, ਮ਼ ਮ਼ ਪ਼, ਧ਼̱ ਨ਼̱ੀ ਧ਼̱ ਪ਼, ਧ̱ ਨ਼ੀ ਸਾ, ਰੇ̱ ਰੇ̱ ਸਾ, ਸਾ ਗ ਮ ਗ ਰੇ̱ ਸਾ, ਰੇ̱ ਰੇ̱ ਸਾ ਨ਼ੀ ਧ਼̱ ਪ, ਨ਼̱ੀ ਨ਼̱ੀ ਧ਼̱ ਪ਼, ਮ਼ ਪ਼, ਧ਼̱ ਨ਼̱ੀ ਧ਼̱ ਪ਼, ਧ਼̱ ਧ਼̱ ਨ਼ੀ ਨ਼ੀ ਸਾ, ਨ਼ੀ ਨ਼ੀ ਸਾ ਰੇ̱, ਸਾ ਗ ਰੇ̱ ਸਾ, ਸਾ ਗ ਮ, ਗ ਮ ਧ̱ ਧ̱ ਪ, ਧ̱ ਧ̱ ਪ ਮ̍ ਪ ਗ ਮ ਰੇ̱ ਸਾ, ਨ਼ੀ ਸਾ ਗ, ਗ ਮ ਰੇ̱ ਸਾ, ਨ਼ੀ ਸਾ ਗ ਮ ਪ, ਮ̍ ਪ, ਗ ਮ ਧ̱ ਧ̱ ਪ, ਮ̍ ਪ ਗ ਮ ਧ̱ ਨੀ ਸਾਂ, ਸਾਂ ਨੀ ਧ̱ ਪ, ਮ̍ ਪ ਮ̍ ਮ̍ ਪ ਧ̱ ਧ̱ ਨ̱ੀ ਧ ਧ, ਧ̱ ਮ̍ ਪ ਗ ਮ ਰੇ̱, ਸਾ ਗ ਮ ਪ, ਧ̱ ਨ̱ੀ ਧ̱ ਪ, ਗ ਮ ਧ̱ ਨੀ ਸਾਂ, ਧ̱ ਧ̱ ਨੀ ਸਾਂ, ਨੀ ਸਾਂ ਰੇਂ̱, ਸਾਂ ਰੇਂ̱ ਨੀ ਸਾਂ ਧ̱ ਨੀ ਧ̱ ਪ, ਮ̍ ਪ ਗ ਮ ਰੇ̱ ਰੇ̱ ਸਾ, ਗ ਮ ਧ̱ ਧ̱ ਪ, ਧ̱ ਧ̱ ਪ ਮ̍ ਪ, ਧ̱ ਪ ਮ ਪ ਧ ਨੀ ਸਾਂ ਰੇਂ̱ ਸਾਂ, ਸਾਂ ਧ̱ ਨੀ ਸਾਂ ਰੇਂ̱ ਸਾਂ ਗਂ, ਗਂ ਗਂ ਰੇਂ̱ ਸਾ, ਰੇਂ̱ ਰੇਂ̱ ਸਾਂ ਨੀ ਧ̱ ਨੀ ਸਾਂ ਰੇਂ̱, ਗਂ ਗਂ ਮਂ ਰੇਂ̱ ਸਾਂ, ਧ̱ ਨੀ ਧ̱ ਪ, ਮ̍ ਪ ਧ ਨ̱ੀ ਨ̱ੀ ਧ̱ ਪ, ਮ ਪ ਗ ਮ ਰੇ̱ ਸਾ, ਸਾ ਗ ਮ ਪ, ਗ ਮ ਧ̱ ਨੀ ਸਾਂ ਨੀ ਧ̱ ਨ̱ੀ ਧ̱ ਪ, ਮ̍ ਪ ਗ ਰੇ̱ ਸਾ, ਸਾ ਰੇ̱ ਰੇ̱ ਸਾ ਗ ਮ ਧ̱ ਪ ਮ̍ ਪ ਗ ਮ ਰੇ̱ ਸਾ ਰੇ̱ ਸਾ।

## ਰਾਗ ਰਾਮਕਲੀ ਮਹਲਾ ੧॥

ਹਮ ਡੋਲਤ ਬੇੜੀ ਪਾਪ ਭਰੀ ਹੈ ਪਵਣੁ ਲਗੈ ਮਤੁ ਜਾਈ॥
ਸਨਮੁਖ ਸਿਧ ਭੇਟਣ ਕਉ ਆਏ ਨਿਹਚਉ ਦੇਹਿ ਵਡਿਆਈ॥੧॥
ਗੁਰ ਤਾਰਿ ਤਾਰਣਹਾਰਿਆ॥
ਦੇਹਿ ਭਗਤਿ ਪੂਰਨ ਅਵਿਨਾਸੀ ਹਉ ਤੁਝ ਕਉ ਬਲਿਹਾਰਿਆ॥੧॥ ਰਹਾਉ॥
ਸਿਧ ਸਾਧਿਕ ਜੋਗੀ ਅਰੁ ਜੰਗਮ ਏਕੁ ਸਿਧੁ ਜਿਨੀ ਧਿਆਇਆ॥
ਪਰਸਤ ਪੈਰ ਸਿਝਤ ਤੇ ਸੁਆਮੀ ਅਖਰੁ ਜਿਨ ਕਉ ਆਇਆ॥੨॥
ਜਪ ਤਪ ਸੰਜਮ ਕਰਮ ਨ ਜਾਨਾ ਨਾਮੁ ਜਪੀ ਪ੍ਰਭ ਤੇਰਾ॥
ਗੁਰ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ॥੩॥੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 878)

**ਰਾਗ ਰਾਮਕਲੀ** **ਤਿੰਨ ਤਾਲ**

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | | | |
| | | | | | | ਮੇ | ਧ | ਮੇਪ | ਧਨੀ | ਧਪ | ਪ | ਮੇ | ਪ | ਗ | ਮ |
| | | | | | | ਗੁ | ਰ | ਤਾऽ | ऽऽ | ऽ | ਰ | ਤਾ | ऽ | ਰ | ਣਿ |
| ਧੁ | – | – | ਧੁ | ਪ | – | ਮੇ | ਪ | – | ਗ | ਗ | ਰੇ | ਗ | ਮ | ਪ | ਪ |
| ਹਾ | ऽ | ऽ | ਰਿ | ਆ | ऽ | ऽ | ऽ | ऽ | ਦੇ | ਹ | ਭ | ਗ | ਤ | ਪੂ | ऽ |
| ਗ | – | ਗ | ਮ | ਰੇ | – | ਸਾ | – | – | ਗਗ | ਮ | ਮ | ਧੁ | ਧੁ | ਨੀ | ਨੀ |
| ਰ | ਨ | ਅ | ਵਿ | ਨਾ | ऽ | ਸੀ | ऽ | ऽ | ਹਉ | ਤੁ | ਝ | ਕਉ | ऽ | ਬ | ਲਿ |
| ਸਾਂਨੀ | ਧਨੀ | ਸਾਂਰੇਂ | ਸਾਂਨੀ | ਧਨੀ | ਧਪ | | | | | | | | | | |
| ਹਾऽ | ऽऽ | ऽऽ | ਰਿऽ | ਆऽ | ऽऽ | | | | | | | | | | |
| **ਅੰਤਰਾ** | | | | | | | | | | | | | | | |
| | | | | | | | | ਗ– | ਗ– | ਮ | ਮ | ਧੁ | ਧੁ | ਨੀ | ਨੀ |
| | | | | | | | | ਹਮ | ਡੋऽ | ਲ | ਤ | ਬੇ | ऽ | ੜੀ | ऽ |
| ਸਾਂ | ਸਾਂ | ਸਾਂ | ਸਾਂ | ਰੇਂ | ਰੇਂ | ਸਾਂ | ਸਾਂ | ਸਾਂ | ਸਾਂਸਾਂ | ਗਂ | ਮੇਂ | ਰੇਂ | ਰੇਂ | ਸਾਂ | ਸਾਂ |
| ਪਾ | ऽ | ਪ | ਭ | ਰੀ | ऽ | ਹੈ | ऽ | ऽ | ਪਵ | ਣੁ | ਲ | ਗੈ | ऽ | ਮ | ਤੁ |
| ਨੀ | ਸਾਂ | ਨੀਸਾਂ | ਰੇਂਸਾਂ | ਧੁ | ਨੀ | ਧੁ | ਪ | – | ਸਾਂਸਾਂ | ਨੀ | ਧੁ | ਪ | ਪ | ਮ | ਪ |
| ਜਾ | ऽ | ऽऽ | ऽऽ | ਈ | ऽ | ऽ | ऽ | ऽ | ਸਨ | ਮੁ | ਖ | ਸਿ | ਧ | ਭੇ | ऽ |
| ਗ | ਮ– | ਧੁ– | ਨੀ | ਸਾਂ | ਰੇਂ | ਸਾਂ | ਸਾਂ | – | ਸਾਂਸਾਂ | ਗਂ | ਮੇਂ | ਰੇਂ | ਰੇਂ | ਸਾਂ | ਸਾਂ |
| ਟ | ਣऽ | ਕਉ | ऽ | ਆ | ऽ | ਏ | ऽ | ऽ | ਨਿਹ | ਚ | ਉ | ਦੇ | ਹਿ | ਵ | ਡਿ |
| ਸਾਂਨੀ | ਧਨੀ | ਸਾਂਰੇਂ | ਸਾਂਨੀ | ਧਨੀ | ਧਪ | | | | | | | | | | |
| ਆऽ | ऽऽ | ऽऽ | ऽऽ | ਈऽ | ऽऽ | | | | | | | | | | |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 19. ਰਾਗੁ ਨਟ ਨਰਾਇਣ

ਰਾਗ ਨਟ ਨਰਾਇਣ ਦੇ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਰਾਗ ਸਰੂਪ ਮਿਲਦਾ ਹੈ, ਉਹ ਹੈ - ਨਟ। ਅਸਲ ਵਿਚ ਨਟ ਨਰਾਇਣ ਰਾਗ ਨਟ ਦਾ ਪ੍ਰਕਾਰ ਹੈ। ਨਟ ਜੋ ਕਿ ਖੁਦ ਹੀ ਰਾਗਾਂਗ ਰਾਗ ਹੈ, ਨਟ ਰਾਗ ਅਤੇ ਨਟ ਨਰਾਇਣ ਦੋਨੋਂ ਭਿੰਨ ਅਤੇ ਸੁਤੰਤਰ ਰਾਗ ਹਨ। ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਨੇ ਇਸ ਰਾਗ ਵਿਚ ਸ਼ਬਦ ਰਚੇ ਹਨ। ਇਸ ਰਾਗ ਵਿਚ ਕੁਝ ਕੀਰਤਨਕਾਰ ਕੇਵਲ ਸ਼ੁੱਧ ਮਧਿਅਮ ਪ੍ਰਯੋਗ ਕਰਦੇ ਹਨ ਅਤੇ ਕੁਝ ਦੋਨੋਂ ਮਧਿਅਮ।

ਗੁਰਮਤਿ ਸੰਗੀਤ ਵਿਚ ਵਿਦਵਾਨਾਂ ਨੇ ਇਸ ਰਾਗ ਵਿਚ ਦੋਨੋਂ ਮਧਿਅਮ ਵਾਲੇ ਰੂਪ ਨੂੰ ਮਾਨਤਾ ਦਿੱਤੀ ਹੈ, ਜਿਸ ਦਾ ਸਰੂਪ ਇਸ ਤਰ੍ਹਾ ਹੈ :

| | |
|---|---|
| ਥਾਟ | ਬਿਲਾਵਲ |
| ਜਾਤੀ | ਔੜਵ-ਸੰਪੂਰਨ |
| ਵਾਦੀ | ਪੰਚਮ |
| ਸੰਵਾਦੀ | ਰਿਸ਼ਭ |
| ਸਮਾਂ | ਰਾਤ ਦਾ ਦੂਜਾ ਪਹਿਰ |
| ਸੁਰ | ਦੋਵੇਂ ਮਧਿਅਮ, ਅਵਰੋਹ ਵਿਚ ਧੈਵਤ ਤੇ ਗੰਧਾਰ ਦਾ ਅਲਪ ਪ੍ਰਯੋਗ, ਬਾਕੀ ਸਾਰੇ ਸ਼ੁੱਧ ਸਵਰ |
| ਆਰੋਹ | ਸਾ ਮ ਗ ਮ ਰੇ, ਮ॑ ਪ ਧ ਨੀ ਸਾਂ |
| ਅਵਰੋਹ | ਸਾਂ ਧ ਪ, ਮ॑ ਧ ਪ, ਗ ਮ ਰੇ ਸਾ |
| ਮੁੱਖ ਅੰਗ | ਸਾ ਗ ਮ ਰੇ ਪ, ਮ॑ ਧ ਪ, ਮ ਗ ਮ, ਰੇ ਸਾ ਰੇ ਸਾ |

**ਸੁਰ ਵਿਸਥਾਰ :** ਸਾ ਸਾ ਰੇ ਸਾ, ਰੇ ਰੇ ਸਾ ਨ਼ੀ ਸਾ, ਸਾ ਸਾ ਧ਼ ਪ਼, ਮ਼॑ ਮ਼॑ ਧ਼ ਧ਼ ਪ਼, ਮ਼॑ ਧ਼ ਪ਼, ਮ਼॑ ਪ਼ ਧ਼ ਨ਼ੀ ਸਾ, ਸਾ ਮ, ਮ ਗ ਮ ਰੇ, ਸਾ, ਮ ਮ ਗ, ਮ ਗ ਮ, ਰੇ ਸਾ ਰੇ ਸਾ, ਸਾ ਰੇ ਸਾ, ਗ ਮ ਰੇ, ਸਾ, ਸਾ ਗ ਮ ਰੇ ਪ, ਮ॑ ਧ ਪ, ਮ ਗ ਮ ਸਾ ਰੇ ਸਾ ਸਾ, ਸਾ ਗ ਮ ਰੇ ਪ, ਮ॑ ਧ ਪ, ਧ ਧ ਪ ਮ॑ ਪ ਗ ਮ, ਰੇ ਸਾ ਰੇ ਸਾ, ਸਾਂ ਸਾਂ ਧ ਪ, ਮ॑ ਧ ਪ, ਮ॑ ਪ ਧ ਧ ਨੀ ਨੀ ਧ ਨੀ ਧ ਪ, ਮ॑ ਧ ਪ, ਨੀ ਧ ਨੀ ਸਾਂ, ਸਾਂ ਸਾਂ ਰੇਂ ਸਾਂ ਰੇਂ ਸਾਂ, ਰੇਂ ਰੇਂ ਸਾਂ ਨੀ ਸਾਂ ਧ ਪ, ਮ॑ ਧ ਪ ਨੀ ਧ ਨੀ ਸਾਂ ਰੇਂ ਸਾਂ, ਸਾਂ ਸਾਂ ਸਾਂ, ਗ ਮਂ ਰੇਂ ਰੇਂ, ਪਂ, ਪਂ, ਗਂ ਮਂ ਰੇਂ ਸਾਂ, ਰੇ ਗ ਮ ਗ ਮ ਪ ਰੇ ਪ, ਮ॑ ਧ ਧ ਪ, ਰੇ ਸਾ ਰੇ ਰੇ ਸਾ ਰੇ ਗ ਮ ਰੇ, ਸਾ, ਸਾ ਸਾ ਮ ਗ ਮ ਰੇ, ਮ॑ ਪ ਧ ਨੀ ਸਾਂ ਗਂ ਮਂ ਰੇਂ ਸਾਂ, ਧ ਧ ਪ ਮ ਪ ਗ ਮ ਰੇ ਸਾ।

**ੴ ਸਤਿਗੁਰ ਪ੍ਰਸਾਦਿ॥**

**ਰਾਗ ਨਟ ਨਰਾਇਣ ਮਹਲਾ ੫॥**

ਰਾਮ ਹਉ ਕਿਆ ਜਾਨਾ ਕਿਆ ਭਾਵੈ॥
ਮਨਿ ਪਿਆਸ ਬਹੁਤੁ ਦਰਸਾਵੈ॥੧॥ ਰਹਾਉ॥
ਸੋਈ ਗਿਆਨੀ ਸੋਈ ਜਨੁ ਤੇਰਾ ਜਿਸੁ ਊਪਰਿ ਰੁਚ ਆਵੈ॥
ਕ੍ਰਿਪਾ ਕਰਹੁ ਜਿਸੁ ਪੁਰਖ ਬਿਧਾਤੇ ਸੋ ਸਦਾ ਸਦਾ ਤੁਧੁ ਧਿਆਵੈ॥੧॥

ਕਵਨ ਜੋਗ ਕਵਨ ਗਿਆਨ ਧਿਆਨਾ ਕਵਨ ਗੁਨੀ ਰੀਝਾਵੈ ॥
ਸੋਈ ਜਨੁ ਸੋਈ ਨਿਜ ਭਗਤਾ ਜਿਸੁ ਊਪਰਿ ਰੰਗੁ ਲਾਵੈ ॥੨॥
ਸਾਈ ਮਤਿ ਸਾਈ ਬੁਧਿ ਸਿਆਨਪ ਜਿਤੁ ਨਿਮਖ ਨ ਪ੍ਰਭੁ ਬਿਸਰਾਵੈ ॥
ਸਤਸੰਗਿ ਲਗਿ ਏਹੁ ਸੁਖੁ ਪਾਇਓ ਹਰਿ ਗੁਨ ਸਦ ਹੀ ਗਾਵੈ ॥੩॥
ਦੇਖਿਓ ਅਚਰਜੁ ਮਹਾ ਮੰਗਲ ਰੂਪ ਕਿਛੁ ਆਨ ਨਹੀ ਦਿਸਟਾਵੈ ॥
ਕਹੁ ਨਾਨਕ ਮੋਰਚਾ ਗੁਰਿ ਲਾਹਿਓ ਤਹ ਗਰਭ ਜੋਨਿ ਕਹ ਆਵੈ ॥੪॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 978)

**ਰਾਗ ਨਟ ਨਾਰਾਇਣ** — **ਤਿੰਨ ਤਾਲ**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| **ਸਥਾਈ** | | | | | | | | | | | | | | | |
| | | | | | | | | ਸਾ | ਮ | ਗ | ਮ | ਰੇ | - | ਮੇ | ਧ |
| | | | | | | | | ਰਾ | ऽ | ਮ | ਹਉ | ਕਿਆ | ऽ | ਜਾ | ऽ |
| ਗ | ਮ | ਰੇ | ਸਾ | ਰੇ | ਰੇ | ਸਾ | ਸਾ | ਮੇ | ਮੇ | ਧ | ਪ | ਨੀ | ਧ | ਸਾਂ | - |
| ਨ | - | ਕਿਆ | ऽ | ਭਾ | ऽ | ਵੈ | ऽ | ਮ | ਨ | ਪਿ | ਆ | ਸ | ਬ | ਹੁ | ਤੁ |
| ਧ | ਪ | ਗ- | ਮ | ਪ | ਗਮ | ਰੇ | ਸਾ | | | | | | | | |
| ਦ | ਰ | ਸਾऽ | ऽ | ਵੈ | ऽऽ | ऽ | ऽ | | | | | | | | |
| **ਅੰਤਰਾ** | | | | | | | | | | | | | | | |
| | | | | | | | | ਪ | ਪ | ਪ | ਪ | ਸਾਂ- | - | ਧ | ਧ |
| | | | | | | | | ਸੋ | ऽ | ਈ | ऽ | ਗਿਆ | ऽ | ਨੀ | ऽ |
| ਗਂ | ਮਂ | ਰੇਂ | ਸਾਂ | ਮੇ | ਧਪ | ਨੀਧ | ਸਾਂ- | ਗ | ਮ | ਪ | - | ਮੇ | ਧ | ਪ | - |
| ਸੋ | ਈ | ਜ | ਨ | ਤੇ | ऽऽ | ਰਾऽ | ऽऽ | ਜਿ | ਸੁ | ਊ | ऽ | ਪ | ਰ | ਰੁ | ਚ |
| ਧ | ਨੀ | ਸਾਂ | ਸਾਂ | ਧ | ਧ | ਪ | ਪ | ਸਾਂ | ਸਾਂ | ਧ | ਪ | ਮੇ | ਧ | ਪ | ਪ |
| ਆ | ऽ | ऽ | ऽ | ਵੈ | ऽ | ऽ | ऽ | ਕ੍ਰਿ | ਪਾ | ऽ | ਕ | ਰ | ਹੁ | ਜਿ | ਸ |
| ਗ | ਮ | ਰੇ | ਪ | ਮੇ | ਧ | ਪ | - | ਮੇ | ਮੇਮੇ | ਧ | ਧ | ਨੀ | ਧ | ਸਾਂ | - |
| ਪ੍ਰ | ਰ | ਖ | ਬਿ | ਧਾ | ऽ | ਤੇ | ऽ | ਸੋ | ਸਦਾ | ऽ | ਸ | ਦਾ | ऽ | ਤੁ | ਧ |
| ਧ- | ਪ | ਗ | ਮ | ਪ | ਗਮ | ਰੇ | ਸਾ | | | | | | | | |
| ਧਿਆ | ऽ | ऽ | ऽ | ਵੈ | ऽऽ | ऽ | ऽ | | | | | | | | |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 20. ਰਾਗੁ ਮਾਲੀਗਉੜਾ

ਰਾਗ ਮਾਲੀਗਉੜਾ, ਭਾਰਤੀ ਸੰਗੀਤ ਦੇ ਅਤਿ ਅਲਪ ਪ੍ਰਸਿੱਧ ਰਾਗਾਂ ਦਾ ਅਪ੍ਰਚਲਿਤ ਰਾਗਾਂ ਦੇ ਵਰਗ ਦਾ ਇਕ ਕਠਿਨ ਰਾਗ ਹੈ। ਭਾਰਤੀ ਸੰਗੀਤ ਦੇ ਪ੍ਰਾਚੀਨ ਜਾਂ ਮੱਧਕਾਲੀਨ ਗ੍ਰੰਥਾਂ ਵਿਚ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿਚ ਅੰਕਿਤ ਰਾਗ ਮਾਲਾ ਵਿਚ ਵੀ ਇਸ ਦਾ ਜ਼ਿਕਰ ਨਹੀ ਆਇਆ। ਇਕ ਮਤ ਹੈ ਕਿ ਇਹ ਮੁਸਲਮਾਨਾਂ ਦਾ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਦੇ 6, ਗੁਰੂ ਰਾਮਦਾਸ ਜੀ ਦੇ 3, ਗੁਰੂ ਅਰਜਨ ਦੇਵ ਜੀ ਅਤੇ ਭਗਤ ਨਾਮਦੇਵ ਜੀ ਦੇ 2 ਸ਼ਬਦ ਹਨ।

ਗੁਰਮਤਿ ਵਿਦਵਾਨਾਂ ਅਨੁਸਾਰ ਇਸ ਰਾਗ ਦਾ ਵੇਰਵਾ ਇਸ ਪ੍ਰਕਾਰ ਹੈ :

| | |
|---|---|
| ਥਾਟ | ਮਾਰਵਾ |
| ਜਾਤੀ | ਸੰਪੂਰਨ-ਸੰਪੂਰਨ |
| ਵਾਦੀ | ਰਿਸ਼ਭ |
| ਸੰਵਾਦੀ | ਪੰਚਮ |
| ਸਮਾਂ | ਦਿਨ ਦਾ ਚੌਥਾ ਪਹਿਰ |
| ਸੁਰ | ਰਿਸ਼ਭ ਕੋਮਲ, ਦੋਵੇਂ ਧੈਵਤ ਤੇ ਤੀਵਰ ਮਧਿਅਮ, ਬਾਕੀ ਸ਼ੁੱਧ |
| ਆਰੋਹ | ਸਾ ਰੇ̱, ਸਾ ਨ਼ੀ ਧ਼ ਨ਼ੀ ਰੇ̱ ਗ ਮ॑ ਪ, ਮ॑ ਧ ਨੀ ਧ ਸਾਂ |
| ਅਵਰੋਹ | ਸਾਂ ਨੀ ਧ̱ ਪ, ਮ॑ ਨੀ ਧ ਮ॑ ਗ ਰੇ̱, ਸਾ |
| ਮੁੱਖ ਅੰਗ | ਮ॑ ਗ ਰੇ̱, ਸਾ ਧ਼ ਨ਼ੀ ਸਾ ਰੇ̱ ਗ ਮ॑ ਪ, ਨੀ ਧ̱ ਪ, ਮ॑ ਧ ਮ॑ ਗ ਰੇ̱ ਸਾ, ਸਾ |

**ਸੁਰ ਵਿਸਥਾਰ :** ਸਾ, ਸਾ ਰੇ̱ ਸਾ, ਨ਼ੀ ਧ਼ ਨ਼ੀ ਰੇ̱ ਸਾ, ਧ਼ ਨ਼ੀ ਸਾ ਰੇ̱, ਗ ਰੇ̱, ਸਾ, ਨ਼ੀ ਨ਼ੀ ਨ਼ੀ ਸਾ ਧ਼ ਨੀ ਨ਼ੀ ਰੇ̱, ਰੇ̱ ਗ ਗ ਰੇ̱ ਸਾ, ਰੇ̱ ਰੇ̱ ਸਾ, ਧ਼ ਨ਼ੀ ਧ਼ ਸਾ, ਰੇ̱ ਰੇ̱ ਸਾ, ਰੇ̱ ਧ਼ ਨ਼ੀ ਸਾ ਰੇ̱, ਗ ਮ॑ ਗ ਰੇ̱, ਮ॑ ਗ ਰੇ̱ ਜ਼ਾ, ਰੇ̱, ਸਾ, ਸਾ ਰੇ̱ ਸਾ, ਨ਼ੀ ਧ਼ ਨ਼ੀ ਰੇ̱ ਗ ਮ॑ ਮ॑ ਪ, ਮ॑ ਗ ਰੇ̱, ਰੇ̱ ਸਾ, ਨ਼ੀ ਰੇ̱ ਗ ਮ॑, ਗ ਮ॑ ਪ, ਮ॑ ਧ ਨੀ ਧ ਪ, ਮ॑ ਪ ਮ॑ ਧ ਨੀ ਧ ਸਾਂ, ਸਾਂ ਨੀ ਧ̱ ਪ, ਮ॑ ਪ ਮ ਧ ਨੀ ਧ ਪ, ਮ॑ ਨੀ ਧ ਮ॑ ਧ ਨੀ ਨੀ ਧ ਧ ਸਾਂ ਸਾਂ, ਸਾਂ ਰੇ̱ ਸਾਂ, ਨੀ ਧ̱ ਪ, ਮ॑ ਧ ਪ, ਗ ਮ॑ ਧ, ਨੀ ਧ̱ ਪ, ਮ॑ ਧ ਮ॑ ਗ ਰੇ̱, ਸਾ, ਮ॑ ਗ ਰੇ̱ ਸਾ, ਧ਼ ਨ਼ੀ ਸਾ ਰੇ̱ ਗ ਮ॑ ਮ॑ ਪ, ਪ ਮ॑ ਪ, ਨੀ ਧ̱ ਪ, ਨੀ ਨੀ ਧ ਮ॑ ਧ ਸਾਂ, ਮ॑ਂ ਗਂ ਰੇ̱ਂ ਸਾਂ, ਨੀ ਨੀ ਧ̱ ਮ॑ ਪ ਮ॑ ਧ ਪ, ਧ ਧ ਨੀ ਧ ਪ, ਮ॑ ਪ ਮ॑ ਗ ਰੇ̱ ਸਾ, ਧ਼ ਨ਼ੀ ਸਾ ਰੇ̱ ਸਾ, ਨ਼ੀ ਨ਼ੀ ਰੇ̱ ਗ ਮ॑ ਪ, ਮ॑ ਧ ਨੀ ਧ̱ ਪ ਮ॑ ਗ ਰੇ̱ ਸਾ, ਮ॑ ਧ ਮ॑ ਗ ਰੇ̱ ਸਾ, ਰੇ̱ ਰੇ̱ ਸਾ।

**ਰਾਗ ਮਾਲੀਗਉੜਾ ਮਹਲਾ ੫॥**

ਮਨਿ ਤਨਿ ਬਸਿ ਰਹੇ ਗੋਪਾਲ॥
ਦੀਨ ਬਾਂਧਵ ਭਗਤਿ ਵਛਲ ਸਦਾ ਸਦਾ ਕ੍ਰਿਪਾਲ॥੧॥ ਰਹਾਉ॥
ਆਦਿ ਅੰਤੇ ਮਧਿ ਤੂਹੈ ਪ੍ਰਭ ਬਿਨਾ ਨਾਹੀ ਕੋਇ॥
ਪੂਰਿ ਰਹਿਆ ਸਗਲ ਮੰਡਲ ਏਕੁ ਸੁਆਮੀ ਸੋਇ॥੧॥

ਕਰਨਿ ਹਰਿ ਜਸੁ ਨੇਤ੍ਰ ਦਰਸਨੁ ਰਸਨਿ ਹਰਿ ਗੁਨ ਗਾਉ ॥
ਬਲਿਹਾਰੈ ਜਾਏ ਸਦਾ ਨਾਨਕੁ ਦੇਹੁ ਅਪਣਾ ਨਾਉ ॥੨॥੩॥੮॥੬॥੧੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 988)

**ਰਾਗ ਮਾਲੀ ਗਉੜਾ** **ਤਿੰਨ ਤਾਲ**

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | | | |
| | | | | | | | | ਸਾ | ਰੇ | ਸਾ | ਨ਼ੀ | ਧ਼ | ਨ਼ੀ | ਰੇ | ਗਮੰ |
| | | | | | | | | ਹ | ਰਿ | ਤ | ਨ | ਬ | ਸ | ਰ | ਹੋऽ |
| ਪ | - | ਮੰ | ਗਰੇ | ਮੰ | ਗ | ਰੇ | ਸਾ | ਸਾਂ | - | ਨੀ | ਧ- | ਮੰਮੰ | ਨੀਨੀ | ਧੁਧੁ | ਪ- |
| ਗੋ | ऽ | ਪਾ | ऽऽ | ऽ | ऽ | ਲ | ऽ | ਦੀ | ਨ | ਬਾਂ | ਧਵ | ਭਗ | ਤਿਵ | ਛਲ | ਸਃ |
| ਮੰ | ਧੁ | ਗ | ਮ | ਰੇ | ਰੇ | ਸਾ | ਸਾ | | | | | | | | |
| ਦਾ | ਸ | ਦਾ | ਕ੍ਰਿ | ਪਾ | ऽ | ਲ | ऽ | | | | | | | | |
| **ਅੰਤਰਾ** | | | | | | | | | | | | | | | |
| | | | | | | | | ਮੰ | ਧ | ਨੀ | ਧ | ਸਾਂ | ਨੀ | ਰੇਂ | ਸਾਂ |
| | | | | | | | | ਆ | ਦਿ | ਅੰ | ਤੇ | ਮ | ਧਿ | ਤੂੰ | ਹੈਂ |
| ਨੀ | ਰੇਂ | ਗਂ | ਰੇਂ | ਨੀ | ਰੇਂ | ਸਾਂ | - | ਸਾਂ | ਰੇਂ- | ਨੀ- | ਸਾਂ | ਨੀ | ਰੇਂ- | ਨੀਧੁ | ਪ- |
| ਪ੍ਰ | ਭ | ਬਿ | ਨਾ | ਨਾ | ਹੀ | ਕੋੌ | ਇ | ਪੂ | ਰਰ | ਹਿਆ | ऽ | ਸ | ਗਲ | ਮੰऽ | ਡਲ |
| ਮੰ | ਧ | ਮੰ- | ਗ | ਰੇ | ਗ | ਰੇ | ਸਾ | | | | | | | | |
| ਏ | ਕੁ | ਸੁਆ | ਮੀ | ਸੋ | ऽ | ਇ | ऽ | | | | | | | | |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 21. ਰਾਗੁ ਮਾਰੂ

ਰਾਗ ਮਾਰੂ ਇਕ ਪੁਰਾਤਨ ਅਤੇ ਕਠਿਨ ਰਾਗ ਹੈ। ਪੁਰਾਤਨ ਸੰਗੀਤ ਗ੍ਰੰਥਾਂ ਵਿਚ ਇਸ ਨੂੰ ਬੀਰ ਰਸੀ ਕਿਹਾ ਗਿਆ ਹੈ। ਪ੍ਰਾਚੀਨ ਗ੍ਰੰਥਕਾਰ ਇਸ ਨੂੰ ਮਾਰੁਵ, ਮਾਰਵ, ਮਾਰਵਿਕਾ ਆਦਿ ਨਾਮਾਂ ਨਾਲ ਅੰਕਿਤ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਨੂੰ 'ਮਾਰੂ ਰਾਗ' ਨਾਲ ਵੀ ਅੰਕਿਤ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਸਾਰੇ ਗੁਰੂਆਂ ਨੇ ਇਸ ਰਾਗ ਵਿਚ ਆਪਣੀ ਰਚਨਾ ਕੀਤੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਇਹ ਇਕ ਸ਼ਾੜਵ ਜਾਤੀ ਦਾ ਰਾਗ ਹੈ, ਇਸ ਵਿਚ ਪੰਚਮ ਸਵਰ ਵਰਜਿਤ ਹੈ। ਮਾਰੂ ਵਿਚ ਸ਼ੜਜ ਗੰਧਾਰ ਤੇ ਨਿਸ਼ਾਦ ਸ਼ੁੱਧ ਅਤੇ ਰਿਸ਼ਭ ਕੋਮਲ ਅਤੇ ਮਧਿਅਮ ਤੀਵਰ ਲਗਦਾ ਹੈ। ਵਾਦੀ ਗੰਧਾਰ, ਸੰਵਾਦੀ ਧੈਵਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਨੂੰ ਯੁੱਧ ਜਾਂ ਚਲਾਣੇ ਸਮੇਂ ਖਾਸ ਕਰਕੇ ਦਿਨ ਦੇ ਤੀਜੇ ਪਹਿਰ ਸਾਧਾਰਨ ਰੀਤ ਅਨੁਸਾਰ ਗਾਇਆ ਜਾਂਦਾ ਹੈ।[10] ਰਾਗ ਮਾਰੂ ਨੂੰ ਮਾਰਵਾ ਪੂਰਵੀ, ਖਮਾਜ ਬਿਲਾਵਲ ਥਾਟ ਦੇ ਅੰਗ ਨਾਲ ਗਾਇਆ-ਵਜਾਇਆ ਜਾਂਦਾ ਹੈ।

ਗੁਰਮਤਿ ਸੰਗੀਤ ਵਿਦਵਾਨਾਂ ਅਨੁਸਾਰ ਰਾਗ ਮਾਰੂ ਦਾ ਸਰੂਪ ਇਸ ਪ੍ਰਕਾਰ ਪ੍ਰਮਾਣਿਕ ਹੈ :

| | |
|---|---|
| ਥਾਟ | ਖਮਾਜ |
| ਜਾਤੀ | ਸ਼ਾੜਵ-ਸੰਪੂਰਨ |
| ਵਾਦੀ | ਗੰਧਾਰ |
| ਸੰਵਾਦੀ | ਨਿਸ਼ਾਦ |
| ਸਮਾਂ | ਦਿਨ ਦਾ ਤੀਜਾ ਪਹਿਰ |
| ਸੁਰ | ਦੋਵੇਂ ਮਧਿਅਮ, ਦੋਨੋਂ ਧੈਵਤ, ਦੋਵੇਂ ਨਿਸ਼ਾਦ, ਆਰੋਹ ਵਿਚ ਰਿਸ਼ਭ ਵਰਜਿਤ, ਬਾਕੀ ਸ਼ੁੱਧ |
| ਆਰੋਹ | ਸਾ ਗ ਮ ਪ, ਧ ਨੀ ਸਾਂ |
| ਅਵਰੋਹ | ਸਾਂ ਨੁੀ ਧ ਪ, ਮੰ ਪ ਧੁ ਨੀ ਧੁ ਪ, ਮ ਗ ਰੇ ਸਾ |
| ਮੁੱਖ ਅੰਗ | ਪ ਪ ਨੁੀ ਧ ਪ, ਮੰ ਪ ਧੁ ਨੀ ਧੁ ਪ, ਪ ਧ ਪ ਗ, ਰੇ, ਗ ਰੇ ਸਾ |

**ਸੁਰ ਵਿਸਥਾਰ :** ਸਾ ਗ, ਗ ਰੇ, ਸਾ, ਸਾ ਸਾ ਨ਼ੁੀ ਧ਼ ਪ਼, ਮੰ਼ ਪ਼ ਧ਼ ਨ਼ੀ ਧ਼ੁ ਪ਼, ਨ਼ੀ ਸਾ ਗ ਮ ਪ, ਪ਼ ਮੰ਼ ਪ਼ ਧ਼ੁ ਨ਼ੀ ਧ਼ੁ ਪ਼, ਪ਼ ਪ਼ ਨ਼ੁੀ ਧ਼ ਪ਼, ਮੰ਼ ਪ਼ ਧ਼ੁ ਧ਼ੁ, ਨ਼ੀ ਨ਼ੀ ਧ਼ੁ ਪ਼, ਮੰ ਪ਼ ਪ਼ ਧ਼ੁ ਨ਼ੀ ਧ਼ੁ ਨ਼ੀ ਧ਼ੁ ਪ਼, ਪ਼ ਧ਼ ਨੀ ਸਾ, ਸਾ ਨ਼ੁੀ ਧ਼ ਪ਼, ਮੰ ਪ ਪ ਧੁ ਨੀ ਧੁ ਧੁ ਪ, ਪ ਧ ਪ ਗ, ਰੇ, ਗ ਰੇ ਸਾ, ਸਾ ਗ ਮ ਗ ਰੇ ਗ ਰੇ ਸਾ, ਸਾ ਗ ਗ ਮ ਪ, ਪ ਮੰ ਪ, ਧੁ ਧੁ ਪ, ਮੰ ਪ ਧੁ ਨੀ ਧੁ ਪ, ਧੁ ਧੁ ਪ ਮ ਗ, ਪ ਗ ਰੇ ਗ ਰੇ ਰੇ ਸਾ, ਗ ਗ ਮ ਮ ਪ, ਮ ਪ ਧ ਨੀ ਸਾਂ, ਸਾਂ ਨੀ ਧੁ ਪ, ਪ ਧ ਗ, ਰੇ ਗ, ਰੇ ਗ ਰੇ ਸਾ, ਸਾ ਸਾਂ ਨੁੀ ਧ ਪ, ਮੰ ਪ ਧੁ ਨੀ ਧੁ ਪ, ਧ ਨੀ ਸਾਂ, ਸਾਂ ਗਂ ਰੇਂ ਸਾਂ, ਰੇਂ ਰੇਂ ਸਾਂ, ਮਂ ਗਂ ਰੇਂ ਸਾਂ, ਨੀ ਨੀ ਧੁ ਪ, ਮੰ ਪ, ਪ ਧੁ ਨੀ ਧੁ ਪ, ਪ ਧ ਪ ਗ, ਰੇ, ਗ ਰੇ ਸਾ।

## ਰਾਗ ਮਾਰੂ ਮਹਲਾ ੧॥

ਮੂਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥੧॥
ਤੇਰੇ ਲਾਲੇ ਕਿਆ ਚਤੁਰਾਈ॥
ਸਾਹਿਬ ਕਾ ਹੁਕਮੁ ਨ ਕਰਣਾ ਜਾਈ॥੧॥ ਰਹਾਉ॥
ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ॥
ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ॥੨॥
ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ॥
ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ॥੩॥
ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ॥
ਆਦਿ ਜੁਗਾਦਿ ਦਇਆਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ॥੪॥੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 991)

**ਰਾਗ ਮਾਰੂ** — **ਰੂਪਕ ਤਾਲ**

| × | | | 2 | | 3 | | × | | | 2 | | 3 | |
|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | |
| ਮ | ਗ | ਮ | ਪ | – | <u>ਧਨੀ</u> | ਨੀ | ਨੀ | ਸੰ | – | ਨ਼ੀ | ਧ | ਪ | ਧ |
| ਲਾ | ऽ | ਲੇ | ਕਿਆऽ | | ਚऽ | ਤ | ਰਾ | ਈ | ऽ | ऽ | ऽ | ਤੇ | ਰੇ |
| ਮ | ਗ | ਮ | ਪ | – | <u>ਧ਼ਨੀ</u> | ਨੀ | ਨੀ | ਸੰ | – | ਨ਼ੀ | ਧ | ਪ | ਪ |
| ਲਾ | ऽ | ਲੇ | ਕਿਆऽ | | ਚऽ | ਤ | ਰਾ | ਈ | ऽ | ਸਾ | ਹਿ | ਬ | ਕਾ |
| ਮ | ਪ | ਪ | ਧ | ਨ਼ੀ | ਧ | ਪ | ਮ | – | <u>ਪਮ</u> | ਗ | – | ਰੇ | ਸਾ |
| ਹੁਕ | ਮ | ਨ | ਕ | ਰ | ਣਾ | ऽ | ਜਾ | ऽ | <u>ऽऽ</u> | ਈ | ऽ | ऽ | ऽ |
| **ਅੰਤਰਾ** | | | | | | | | | | | | | |
| ਪ | ਪ | ਨੀ | <u>ਧਪ</u> | ਪ | <u>ਧਨੀ</u> | ਨੀ | ਸੰ | – | ਨੀ | ਸਾਂ | – | ਸਾਂ | – |
| ਮੁ | ਲ | ਖ | ਰੀऽ | ऽ | ਦੀऽ | ऽ | ਲਾ | ऽ | ਲਾ | ਗੋ | ऽ | ਲਾ | ऽ |
| ਪ | - | ਧ | ਸਾਂ | – | ਨ਼ੀ | ਨ਼ੀ | ਧ | ਪ | ਧ | ਮ | – | ਗ | – |
| ਮੇ | ऽ | ਰਾ | ਨਾ | ऽ | ਉ | ਸ | ਭਾ | ऽ | ऽ | ਗਾ | ऽ | ऽ | ऽ |
| ਪ | ਪ | ਪ | ਮ | ਮ | ਪ | – | ਧ | ਧ | ਨ਼ੀ | ਧ | ਪ | ਪ | – |
| ਗੁ | ਰ | ਕੀ | ਬ | ਚ | ਨੀ | ऽ | ਹਾ | ਟਿ | ਬਿ | ਕਾ | ऽ | ਨਾ | ऽ |
| ਨੀ | ਨੀ | ਨੀ | ਸੰ | – | ਪ | ਧ | ਮ | – | – | ਗ | ਰੇ | ਸ | – |
| ਜਿ | ਤੁ | ਲਾ | ਇਆऽ | | ਤਿ | ਤੁ | ਲਾ | ऽ | ऽ | ਗਾ | ऽ | ऽ | ऽ |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 22. ਰਾਗੁ ਤੁਖਾਰੀ

ਰਾਗ ਤੁਖਾਰੀ ਪ੍ਰਾਚੀਨ ਤੇ ਅਪ੍ਰਚਲਿਤ ਰਾਗ ਹੈ। ਵਿਦਵਾਨਾਂ ਦਾ ਵਿਚਾਰ ਹੈ ਕਿ ਇਸ ਰਾਗ ਦੀ ਰਚਨਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ। ਗੁਰਬਾਣੀ ਸੰਗੀਤ ਵਿਚ ਗੁਰੂ ਨਾਨਕ ਦੇਵ, ਗੁਰੂ ਰਾਮਦਾਸ, ਅਤੇ ਗੁਰੂ ਅਰਜਨ ਦੇਵ ਜੀ ਰਚਿਤ ਬਾਣੀ ਉਪਲਬਧ ਹੈ। ਰਾਗ ਤੁਖਾਰੀ ਗੁਰਮਤਿ ਸੰਗੀਤ ਪੱਧਤੀ ਦਾ ਮੌਲਿਕ ਰਾਗ ਹੈ। ਗੁਰੂ ਸਾਹਿਬਾਨ ਨੇ ਤੁਖਾਰੀ ਦੀ ਸਾਰੀ ਬਾਣੀ ਛੰਦਾਂ ਵਿਚ ਰਚੀ ਹੈ ਤੇ ਗੁਰੂ ਨਾਨਕ ਦੇਵ ਜੀ ਨੇ 'ਬਾਰਾਮਾਹ' ਦੀ ਰਚਨਾ ਕਰਕੇ ਇਸ ਨੂੰ ਗਾਇਆ। ਸੰਗੀਤ ਵਿਦਵਾਨਾਂ ਕੋਲੋਂ ਇਸ ਦੇ ਹੇਠ ਲਿਖੇ ਤਿੰਨ ਸਰੂਪ ਪ੍ਰਾਪਤ ਹੁੰਦੇ ਹਨ, ਜੋ ਇਸ ਪ੍ਰਕਾਰ ਹੈ :

ਪਹਿਲਾ ਪ੍ਰਕਾਰ, ਪੂਰਵੀ ਥਾਟ ਅੰਤਰਗਤ, ਧ ਵਾਦੀ ਰੇ ਸੰਵਾਦੀ ਪੰਚਮ ਵਰਜਿਤ ਮੰਨਿਆ ਹੈ। ਰੇ ਧ ਕੋਮਲ ਮਧਿਅਮ ਤੀਵਰ, ਬਾਕੀ ਸਾਰੇ ਸ਼ੁੱਧ ਸਵਰ ਮੰਨੇ ਹਨ। ਦੂਜਾ, ਸਰੂਪ ਟੋਡੀ ਜਾਂ ਖਮਾਜ ਥਾਟ ਅਧੀਨ ਰੱਖਿਆ ਜਾਂਦਾ ਹੈ ਅਤੇ ਤੀਸਰਾ ਸਰੂਪ, ਵਾਦੀ ਰਿਸ਼ਭ, ਸੰਵਾਦੀ ਪੰਚਮ, ਦੋਨੋਂ ਮਧਿਅਮ ਅਤੇ ਦੋਨੋਂ ਗੰਧਾਰ ਲਗਾ ਕੇ ਸੰਪੂਰਨ ਜਾਤੀ ਦਾ ਰਾਗ ਹੈ। ਪਰੰਤੂ ਆਧੁਨਿਕ ਗੁਰਮਤਿ ਸੰਗੀਤ ਵਿਦਵਾਨਾਂ ਅਨੁਸਾਰ ਇਸ ਰਾਗ ਦਾ ਸਰੂਪ ਇਸ ਪ੍ਰਕਾਰ ਮੰਨਿਆ ਹੈ :

| | |
|---|---|
| ਥਾਟ | ਤੋੜੀ (ਦੱਖਣੀ ਪੱਧਤੀ ਅਨੁਸਾਰ ਧਰਮਵਤੀ ਥਾਟ) |
| ਜਾਤੀ | ਔੜਵ-ਸੰਪੂਰਨ |
| ਵਾਦੀ | ਪੰਚਮ |
| ਸੰਵਾਦੀ | ਸ਼ੜਜ |
| ਸਮਾਂ | ਦਿਨ ਦਾ ਚੌਥਾ ਪਹਿਰ |
| ਸੁਰ | ਦੋਵੇਂ ਨਿਸ਼ਾਦ ਮਧਿਅਮ ਤੀਵਰ, ਗੰਧਾਰ ਕੋਮਲ ਅਤੇ ਬਾਕੀ ਸ਼ੁੱਧ ਸਵਰ |
| ਵਰਜਿਤ ਸੁਰ | ਆਰੋਹ ਵਿਚ ਰਿਸ਼ਭ ਅਤੇ ਧੈਵਤ |
| ਆਰੋਹ | ਨ਼ੀ ਸਾ, ਗੁ ਮ॑ ਪ, ਨੀ ਸਾਂ |
| ਅਵਰੋਹ | ਸਾਂ ਨੀ ਧ ਪ, ਨੀ̱ ਧ ਪ, ਮ॑ ਗੁ ਰੇ, ਸਾ |
| ਮੁੱਖ ਅੰਗ | ਪ ਨੀ̱, ਨੀ̱ ਧ ਪ, ਮ॑ ਪ ਮ॑ ਗੁ, ਰੇ ਸਾ |

**ਸੁਰ ਵਿਸਥਾਰ** : ਸਾ, ਨ਼ੀ ਸਾ, ਪ਼ ਨ਼ੀ ਸਾ, ਸਾ ਗੁ ਮ॑ ਗੁ, ਰੇ ਨ਼ੀ ਸਾ, ਸਾ ਰੇ ਸਾ ਸਾ ਨ਼ੀ ਸਾ, ਪ਼ ਨ਼ੀ ਪ਼ ਸਾ, ਸਾ ਗੁ ਗੁ ਮ॑ ਗੁ ਰੇ ਸਾ, ਸਾ ਗੁ ਮ॑, ਮ॑ ਗੁ ਰੇ, ਸਾ ਰੇ ਨ਼ੀ ਨ਼ੀ ਸਾ, ਮ਼॑ ਪ਼ ਨ਼ੀ ਸਾ, ਪ਼ ਨ਼ੀ ਸਾ ਰੇ ਨ਼ੀ ਸਾ ਗੁ, ਨ਼ੀ ਸਾ ਰੇ ਨ਼ੀ ਸਾ ਗੁ, ਗੁ ਗੁ ਮ॑ ਗੁ, ਸਾ ਰੇ ਨ਼ੀ ਸਾ ਗੁ ਮ ਗੁ ਰੇ ਰੇ ਸਾ, ਸਾ ਗ ਮ॑ ਮ॑ ਪ, ਪ ਮ॑ ਪ ਨੀ̱ ਧ ਪ, ਮ॑ ਪ਼ ਗੁ, ਸਾ ਰੇ ਨ਼ੀ ਸਾ ਗੁ ਮ॑ ਗੁ, ਮ॑ ਪ, ਮ॑ ਪ ਧ ਧ ਪ, ਨੀ̱ ਧ ਪ, ਮ॑ ਪ, ਗੁ ਮ॑ ਪ ਨੀ ਪ ਨੀ ਸਾਂ, ਸਾਂ ਨੀ ਸਾਂ ਨੀ̱ ਧ ਪ, ਮ॑ ਪ ਗੁ ਮ॑ ਗੁ, ਰੇ ਰੇ ਸਾ ਰੇ ਸਾ ਨ਼ੀ ਪ਼ ਨ਼ੀ ਸਾ ਗ ਮ॑, ਗੁ, ਮ॑ ਪ, ਮ॑ ਮ॑ ਪ ਨੀ ਨੀ ਧ ਪ, ਧ ਪ ਧ ਪ ਮ॑ ਪ, ਗੁ ਰੇ ਸਾ ਰੇ ਨ਼ੀ ਸਾ ਗੁ ਰੇ ਸਾ, ਨ਼ੀ ਸਾ ਗ ਮ॑ ਪ, ਗ ਮ॑ ਪ ਨੀ ਧ ਪ, ਮ॑ ਪ ਗੁ ਮ॑ ਧ ਨੀ ਨੀ ਸਾਂ, ਸਾਂ ਨੀ ਧ ਪ, ਮ॑ ਪ ਨੀ ਨੀ ਧ ਪ ਧ ਨੀ̱ ਧ ਪ ਮ॑ ਗੁ ਮ॑ ਗੁ, ਰੇ ਸਾ, ਰੇ ਰੇ ਸਾ ਨ਼ੀ ਸਾ ਗੁ ਮ॑ ਪ, ਪ ਮ॑ ਪ ਨੀ̱ ਧ ਪ, ਮ॑ ਪ ਨੀ ਸਾਂ, ਪ ਨੀ ਸਾਂ ਗੁਂ ਰੇਂ ਸਾਂ, ਨੀ ਸਾਂ ਗੁਂ ਮ॑ਂ ਗੁਂ ਰੇਂ ਸਾ ਰੇਂ ਨੀ ਸਾਂ, ਨੀ ਨੀ ਧ ਪ ਧ ਨੀ̱ ਧ ਪ, ਮ॑ ਪ ਗੁ ਮ॑ ਗੁ ਰੇ ਸਾ।

## ਰਾਗ ਤੁਖਾਰੀ ਛੰਤ ਮਹਲਾ ੫॥

ਨਿਰਗੁਣ ਰਾਖਿ ਲੀਆ ਸੰਤਨ ਕਾ ਸਦਕਾ॥
ਸਤਿਗੁਰ ਢਾਕਿ ਲੀਆ ਮੋਹਿ ਪਾਪੀ ਪੜਦਾ॥
ਢਾਕਨਹਾਰੇ ਪ੍ਰਭੂ ਹਮਾਰੇ ਜੀਅ ਪ੍ਰਾਨ ਸੁਖਦਾਤੇ॥
ਅਬਿਨਾਸੀ ਅਬਿਗਤ ਸੁਆਮੀ ਪੂਰਨ ਪੁਰਖ ਬਿਧਾਤੇ॥
ਉਸਤਤਿ ਕਹਨੁ ਨ ਜਾਇ ਤੁਮਾਰੀ ਕਉਣੁ ਕਹੈ ਤੂ ਕਦ ਕਾ॥
ਨਾਨਕ ਦਾਸੁ ਤਾ ਕੈ ਬਲਿਹਾਰੀ ਮਿਲੈ ਨਾਮੁ ਹਰਿ ਨਿਮਕਾ॥੪॥੧॥੧੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1117)

**ਰਾਗ ਤੁਖਾਰੀ** **ਰੂਪਕ ਤਾਲ**

| × | | | 2 | | 3 | | × | | | 2 | | 3 | |
|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | |
| ਪਪ | ਮੇ | ਪ | ਗੁ | ਗੁ | ਰੇ | ਸਾ | ਰੇ | ਨ਼ੀ | ਸਾ | ਗੁ | ਮੇ | ਪ | - |
| ਨਿਰ | ਗੁ | ਣੁ | ਰਾ | ऽ | ਖਿ | ਲੀ | ਆ | ऽ | ऽ | ऽ | ऽ | ऽ | ऽ |
| ਮੇ | ਪ | ਪ | ਨੀ | ਨੀ | ਸਾਂ | ਸਾਂ | ਪਨੀ | ਸਾਂਰੇਂ | ਸਾਂਨੀ | ਧਨੀ | ਧਪ | ਮੇਪ | ਗੁਮੇ |
| ਸੰ | ਤ | ਨ | ਕਾ | ऽ | ਸ | ਦ | ਕਾऽ | ऽऽ | ऽऽ | ऽऽ | ऽऽ | ऽऽ | ऽऽ |
| ਗਗ | ਮੇ | ਮੇ | ਪ | ਪ | ਨੀ | ਨੀ | ਧਨੀ | ਧਪ | ਮੇਪ | ਗੁ | ਮੇ | ਗੁ | - |
| ਸਤਿ | ਗੁ | ਰਿ | ਢਾ | ऽ | ਕ | ਲੀ | ਆऽ | ऽऽ | ऽऽ | ऽ | ऽ | ऽ | ऽ |
| ਧ | ਧ | ਧ | ਨੀ | ਧ | ਪ | ਪ | ਪਮੇ | ਗੁਮੇ | ਪਧ | ਪਮੇ | ਗੁਮੇ | ਗੁਰੇ | ਸਾऽ |
| ਮੋਹਿ | ਪਾ | ऽ | ਪੀ | ऽ | ਪ | ੜ | ਦਾऽ | ऽऽ | ऽऽ | ऽऽ | ऽऽ | ऽऽ | ऽऽ |
| **ਅੰਤਰਾ** | | | | | | | | | | | | | |
| ਪ | ਪ | ਪ | ਮੇ | ਪ | ਗੁ | ਮੇ | ਪ | ਨੀ | ਨੀ | ਸਾਂ | ਸਾਂ | ਸਾਂ | ਸਾਂ |
| ਢਾ | ਕ | ਨ | ਹਾ | ऽ | ਰੇ | ऽ | ਪ੍ਰ | ਭੂ | ਹ | ਮਾ | ऽ | ਰੇ | ऽ |
| ਪਨੀ | ਸਾਂ | ਗੁਂ | ਰੇਂ | ਰੇਂ | ਸਾਂ | ਸਾਂ | ਰੇਂ | ਨੀ | ਸਾਂ | ਧ | ਧ | ਪ | ਪ |
| ਜੀਅ | ऽ | ਪ੍ਰਾ | ऽ | ਨ | ਸੁ | ਖ | ਦਾ | ऽ | ऽ | ਤੇ | ऽ | ऽ | ऽ |
| ਪ- | ਪ | ਪ | ਮੇ | ਪ | ਗੁ | ਮੇ | ਧਨੀ | ਧ | ਪ | ਮੇ- | ਮੇ | ਪ | ਪ |
| ਅਬਿ | ਨਾ | ऽ | ਸੀ | ऽ | ऽ | ऽ | ਅਬਿ | ਗ | ਤ | ਸੁਆ | ऽ | ਮੀ | ऽ |
| ਪ | ਪ | ਮੇਪ | ਗੁ | ਗੁ | ਰੇ | ਸਾ | ਰੇ | ਨ਼ੀ | ਸਾ | ਗੁ | ਮੇ | ਪ | ਪ |
| ਪੂ | ਰ | ਨऽ | ਪੁ | ਰ | ਖ | ਬਿ | ਧਾ | ऽ | ऽ | ਤੇ | ऽ | ऽ | ऽ |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 23. ਰਾਗੁ ਕੇਦਾਰਾ

ਰਾਗ ਕੇਦਾਰਾ ਪ੍ਰਾਚੀਨ ਰਾਗ ਹੈ, ਜਿਸ ਦਾ ਪ੍ਰਚਾਰ ਸਾਧਾਰਨ ਆਧੁਨਿਕ ਕਾਲ ਵਿਚ ਪਾਇਆ ਜਾਂਦਾ ਹੈ। ਇਸ ਨੂੰ ਭਾਰਤੀ ਸੰਗੀਤਕਾਰ ਰਾਗ ਕੇਦਾਰ ਕਹਿੰਦੇ ਹਨ। ਰਾਗ ਕੇਦਾਰਾ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਫੁਰਮਾਨ ਹੈ :

ਕੇਦਾਰਾ ਰਾਗਾਂ ਵਿਚ ਜਾਣੀਐ ਭਾਈ ਸਬਦੇ ਕਰੇ ਪਿਆਰ।

ਗੁਰਬਾਣੀ ਵਿਚ ਗੁਰੂ ਅਮਰਦਾਸ ਤੇ ਗੁਰੂ ਅਰਜਨ ਦੇਵ ਜੀ ਦੀਆਂ ਹੀ ਰਚਨਾਵਾਂ ਮਿਲਦੀਆਂ ਹਨ। ਇਸ ਰਾਗ ਨੂੰ ਸਰਲ ਰਾਗਾਂ ਦੀ ਸ਼੍ਰੇਣੀ ਵਿਚ ਸ਼ਾਮਲ ਕੀਤਾ ਜਾਂਦਾ ਹੈ। ਕੁਝ ਸੰਗੀਤ ਵਿਦਵਾਨ ਇਸ ਰਾਗ ਨੂੰ ਬਿਲਾਵਲ ਥਾਟ ਦੇ ਅੰਤਰਗਤ ਮੰਨਦੇ ਹਨ ਅਤੇ ਕੁਝ ਕਲਿਆਣ ਥਾਟ ਦੇ ਅੰਤਰਗਤ, ਪਰੰਤੂ ਪ੍ਰਚਾਰ ਵਿਚ ਕਲਿਆਣ ਥਾਟ ਦਾ ਰਾਗ ਵਧੇਰੇ ਪ੍ਰਚਲਿਤ ਹੈ।

ਗੁਰਮਤਿ ਸੰਗੀਤ ਵਿਦਵਾਨਾਂ ਅਨੁਸਾਰ ਕੇਦਾਰ ਰਾਗ ਦੇ ਇਸ ਸਰੂਪ ਨੂੰ ਮਾਨਤਾ ਪ੍ਰਾਪਤ ਹੈ :

| | |
|---|---|
| ਥਾਟ | ਕਲਿਆਣ |
| ਜਾਤੀ | ਔੜਵ-ਸ਼ਾੜਵ |
| ਵਾਦੀ | ਮਧਿਅਮ |
| ਸੰਵਾਦੀ | ਸ਼ੜਜ |
| ਸਮਾਂ | ਰਾਤ ਦਾ ਪਹਿਲਾ ਪਹਿਰ |
| ਸੁਰ | ਦੋਵੇਂ ਮਧਿਅਮ, ਬਾਕੀ ਸਾਰੇ ਸ਼ੁੱਧ |
| ਵਰਜਿਤ ਸੁਰ | ਆਰੋਹ ਵਿਚ ਰਿਸ਼ਭ ਅਤੇ ਗੰਧਾਰ, ਅਵਰੋਹ ਵਿਚ ਗੰਧਾਰ |
| ਆਰੋਹ | ਸਾ ਮ, ਮ ਪ, ਧ ਪ, ਨੀ ਧ ਸਾਂ |
| ਅਵਰੋਹ | ਸਾਂ ਨੀ ਧ ਪ, ਮ॑ ਪ ਧ ਪ ਮ, ਰੇ ਸਾ |
| ਮੁੱਖ ਅੰਗ | ਸਾ ਮ, ਮ ਪ, ਧ ਪ ਮ, ਪ ਮ, ਰੇ ਸਾ |

**ਸੁਰ ਵਿਸਥਾਰ** : ਸਾ, ਸਾ ਰੇ ਸਾ, ਨ਼ੀ ਸਾ, ਸਾ ਰੇ ਨ਼ੀ ਸਾ, ਮ, ਮ , ਰੇ ਸਾ ਰੇ ਸਾ, ਧ਼ ਧ਼ ਪ਼, ਸਾ, ਪ਼ ਪ਼ ਮ਼॑ ਪ਼ ਧ਼ ਨ਼ੀ ਧ਼ ਧ਼ ਮ਼, ਮ਼॑ ਪ਼ ਧ਼ ਧ਼ ਧ਼, ਮ਼॑ ਪ਼ ਪ਼ ਮ਼॑ ਪ਼ ਸਾ, ਸਾ ਰੇ ਨ਼ੀ ਸਾ, ਮ, ਮ॑ ਮ॑ ਪ, ਮ॑ ਪ ਧ ਪ ਮ ਰੇ ਸਾ, ਰੇ ਸਾ, ਰੇ ਰੇ ਸਾ ਨ਼ੀ ਸਾ ਮ, ਮ॑ ਮ॑ ਪ, ਧ ਧ ਪ, ਸਾ ਮ ਗ ਪ, ਮ॑ ਪ ਮ॑ ਪ ਧ ਪ ਮ, ਸਾ ਮ ਗ ਪ, ਮ॑ ਮ॑ ਪ, ਧ ਧ ਪ, ਮ॑ ਪ ਸਾਂ ਧ ਪ, ਧ ਧ ਪ ਮ॑ ਪ ਮ ਮ ਰੇ ਸਾ, ਰੇ ਰੇ ਸਾ, ਸਾ ਮ ਮ ਪ, ਧ ਪ ਮ, ਪ ਮ, ਮ ਰੇ, ਰੇ ਸਾ, ਨੀ ਧ ਪ, ਮਮ॑ ਪ, ਧ ਧ ਨੀ ਧ ਪ, ਮ ਪ, ਧ ਪ, ਨੀ ਧ ਸਾਂ, ਸਾਂ ਸਾਂ ਨੀ ਧ ਨੀ ਧ ਪ, ਧ ਪ ਮ॑ ਪ ਮ ਰੇ ਸਾ ਰੇ ਸਾ ਮ, ਪ ਮ, ਰੇ ਸਾ ਰੇ ਸਾ, ਮ ਪ, ਧ ਧ ਪ, ਨੀ ਧ ਪ, ਮ॑ ਧ ਪ ਮ॑, ਪ, ਮ ਪ ਧ ਧ ਸਾਂ, ਸਾਂ ਰੇਂ ਸਾਂ ਨੀ ਧ ਪ ਧ ਸਾਂ, ਸਾਂ (ਮਂ) ਰੇਂ ਸਾਂ, ਮਂ ਮਂ ਪਂ ਮਂ ਰੇਂ ਸਾਂ ਰੇਂ ਸਾਂ, ਨੀ ਨੀ ਧ ਪ ਮ ਪ ਧ ਸਾਂ ਨੀ ਧ ਪ ਮ, ਮ ਰੇ ਸਾ ਰੇ ਰੇ ਸਾ।

## ਰਾਗ ਕੇਦਾਰਾ ਮਹਲਾ ੫ ॥

ਪ੍ਰਿਅ ਕੀ ਪ੍ਰੀਤਿ ਪਿਆਰੀ ॥
ਮਗਨ ਮਨੈ ਮਹਿ ਚਿਤਵਉ ਆਸਾ ਨੈਨਹੁ ਤਾਰ ਤੁਹਾਰੀ ॥ ਰਹਾਉ ॥
ਓਇ ਦਿਨ ਪਹਰ ਮੂਰਤ ਪਲ ਕੈਸੇ ਓਇ ਪਲ ਘਰੀ ਕਿਹਾਰੀ ॥
ਖੂਲੇ ਕਪਟ ਧਪਟ ਬੁਝਿ ਤ੍ਰਿਸਨਾ ਜੀਵਉ ਪੇਖਿ ਦਰਸਾਰੀ ॥ ੧ ॥
ਕਉਨੁ ਸੁ ਜਤਨੁ ਉਪਾਉ ਕਿਨੇਹਾ ਸੇਵਾ ਕਉਨ ਬੀਚਾਰੀ ॥
ਮਾਨੁ ਅਭਿਮਾਨੁ ਮੋਹੁ ਤਜਿ ਨਾਨਕ ਸੰਤਹ ਸੰਗਿ ਉਧਾਰੀ ॥ ੨ ॥ ੩ ॥ ੫ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1120)

**ਰਾਗ ਕੇਦਾਰਾ** — **ਤਿੰਨ ਤਾਲ**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| **ਸਥਾਈ** | | | | | | | | | | | | | | | |
| | | | | | | | | ਸਾਮ | ਗਪ | ਮ॑ਧ | ਪ- | ਮ | ਮ | ਰੇ | ਸਾ |
| | | | | | | | | ਪ੍ਰਿऽ | ਅऽ | ਕੀऽ | ऽऽ | ਪ੍ਰੀ | ऽ | ਤ | ਪਿ |
| ਰੇ | ਰੇ | ਸਾ | ਸਾ | ਮ॑ | ਮ॑ | ਪ | - | ਮ॑ਪ | ਧਨੀ | ਸਾਂ | ਸਾਂ | ਧ | ਧ | ਪ | ਪ |
| ਆ | ऽ | ऽ | ऽ | ਰੀ | ऽ | ऽ | ऽ | ਮऽ | ਗऽ | ਨ | ਮ | ਨੈ | ऽ | ਮ | ਹਿ |
| ਮ | ਮ | ਰੇ | ਸਾ | ਰੇ | ਰੇ | ਸਾ | ਸਾ | ਸਾਂ | ਸਾਂ | ਸਾਂ | ਸਾਂ | ਧਨੀ | ਧਪ | ਮ॑ਪ | ਮ॑ਪ |
| ਚਿ | ਤ | ਵਉ | ऽ | ਆ | ऽ | ਸਾ | ऽ | ਨੈ | ऽ | ਨਹੁ | ऽ | ਤਾऽ | ऽ | ਰऽ | ਤੁऽ |
| ਮ | ਮ | ਰੇ | ਸਾ | ਰੇ | ਰੇ | ਸਾ | ਸਾ | | | | | | | | |
| ਹਾ | ऽ | ऽ | ऽ | ਰੀ | ऽ | ऽ | ऽ | | | | | | | | |
| **ਅੰਤਰਾ** | | | | | | | | | | | | | | | |
| | | | | | | | | ਪ | ਪ | ਪ | ਪ | ਸਾਂ | ਸਾਂ | ਸਾਂ | ਸਾਂ- |
| | | | | | | | | ਓ | ਇ | ਦਿ | ਨ | ਪ | ਹ | ਰ | ਮੂऽ |
| ਸਾਂ | ਸਾਂ | ਸਾਂ | ਸਾਂ | ਸਾਂ | ਰੇਂ | ਸਾਂ | ਸਾਂ | ਸਾਂ | - | ਧ | ਧ | ਨੀ | ਸਾਂ | ਰੇਂ | ਰੇਂ |
| ਰ | ਤ | ਪ | ਲ | ਕੈ | ऽ | ਸੇ | ऽ | ਓ | ਇ | ਪ | ਲ | ਘ | ਰੀ | ऽ | ਕਿ |
| ਨੀ | - | ਨੀ | ਸਾਂ | ਧ | ਧ | ਪ | - | ਸਾਮ | ਗਪ | ਮ॑ਧ | ਪ- | ਮ | ਮ | ਰੇ | ਸਾ |
| ਹਾ | ऽ | ऽ | ऽ | ਰੀ | ऽ | ऽ | ऽ | ਖੂऽ | ऽऽ | ਲੇऽ | ਕऽ | ਪ | ਟ | ऽ | ਧ |
| ਰੇ | ਰੇ | ਸਾ | ਸਾ | ਮ | ਮ | ਪ | - | ਮ॑ਪ | ਧਨੀ | ਸਾਂਰੇ | ਸਾਂਨੀ | ਧਨੀ | ਧਨੀ | ਪਧ | ਪ- |
| ਪ | ਟ | ਬੁ | ਝਿ | ਤ੍ਰਿ | ਸ | ਨਾ | ऽ | ਜੀऽ | ऽऽ | ਵਉ | ऽऽ | ਪੇऽ | ऽऽ | ਖਿऽ | ਦਰ |
| ਮ | ਮ | ਰੇ | ਸਾ | ਰੇ | ਰੇ | ਸਾ | - | | | | | | | | |
| ਸਾ | ऽ | ऽ | ऽ | ਰੀ | ऽ | ऽ | ऽ | | | | | | | | |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 24. ਰਾਗੁ ਭੈਰਉ

ਰਾਗ ਭੈਰਉ, ਬਹੁਤ ਪ੍ਰਾਚੀਨ ਮਧੁਰ ਅਤੇ ਪ੍ਰਮੁੱਖ ਰਾਗਾਂ ਵਿਚੋਂ ਇਕ ਹੈ। ਭਾਰਤੀ ਰਾਗ ਵਿਚ ਇਸ ਨੂੰ ਭੈਰਵ ਨਾਂ ਨਾਲ ਜਾਣਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਇਸ ਰਾਗ ਵਿਚ ਉਪਲਬਧ ਹੈ। ਆਧੁਨਿਕ ਕਾਲ ਵਿਚ ਭੈਰਵ ਰਾਗ ਦੇ ਕਈ ਪ੍ਰਕਾਰ ਪ੍ਰਚਲਿਤ ਹਨ। ਇਹ ਭੈਰਵ ਥਾਟ ਦਾ ਹੀ ਰਾਗ ਹੈ। ਰੇ ਧੁ ਕੋਮਲ ਤੇ ਬਾਕੀ ਸਾਰੇ ਸਵਰ ਸ਼ੁੱਧ ਲਗਦੇ ਹਨ।

ਗੁਰਮਤਿ ਸੰਗੀਤ ਵਿਦਵਾਨਾਂ ਅਨੁਸਾਰ ਭੈਰਵ ਰਾਗ ਦਾ ਸਰੂਪ ਇਸ ਪ੍ਰਕਾਰ ਹੈ :

| | |
|---|---|
| ਥਾਟ | ਭੈਰਵ |
| ਜਾਤੀ | ਸੰਪੂਰਨ-ਸੰਪੂਰਨ |
| ਵਾਦੀ | ਧੈਵਤ |
| ਸੰਵਾਦੀ | ਰਿਸ਼ਭ |
| ਸਮਾਂ | ਸਵੇਰ ਦਾ ਸੰਧੀ-ਪ੍ਰਕਾਸ਼ |
| ਸੁਰ | ਰਿਸ਼ਭ, ਧੈਵਤ ਕੋਮਲ, ਬਾਕੀ ਸਾਰੇ ਸ਼ੁੱਧ |
| ਆਰੋਹ | ਸਾ ਰੇੁ, ਗ ਮ ਪ ਧੁ ਨੀ ਸਾਂ |
| ਅਵਰੋਹ | ਸਾਂ ਨੀ ਧੁ ਧੁ ਪ, ਗ ਮ ਰੇੁ ਰੇੁ, ਸਾ |
| ਮੁੱਖ ਅੰਗ | ਗ ਮ ਧੁ, ਧੁ ਪ, ਗ ਮ ਰੇੁ ਰੇੁ, ਸਾ |

**ਸੁਰ ਵਿਸਥਾਰ :** ਸਾ ਰੇੁ, ਗ ਗ (ਮ) ਰੇੁ ਸਾ, ਰੇੁ ਸਾ ਗ ਮ ਰੇੁ, ਸਾ, ਸਾ ਨ਼ੀ ਧ਼ੁ ਪ਼, ਧ਼ੁ ਨੀ ਧ਼ ਨ਼ੀ ਸਾ ਰੇੁ ਸਾ, ਸਾ ਰੇੁ ਗ ਗ ਮ ਰੇੁ, ਰੇੁ ਗ ਮ ਪ, ਧੁ ਧੁ ਪ, ਧੁ ਪ ਮ ਗ ਰੇੁ, ਗ ਮ ਰੇੁ ਗ ਰੇੁ, ਨ਼ੀ ਸਾ, ਨ਼ੀ ਸਾ ਰੇੁ, ਗ ਗ ਮ ਪ, ਗ ਮ ਪ ਧੁ ਪ, ਧੁ ਧੁ ਨੀ ਨੀ ਧੁ ਪ, ਧੁ ਪ ਮ ਗ, ਰੇੁ ਗ ਰੇੁ ਸਾ ਰੇੁ ਸਾ, ਸਾ ਰੇੁ ਗ ਮ ਪ ਧੁ ਨੀ ਧੁ ਪ, ਮ ਪ ਧੁ ਨੀ ਧ ਨੀ ਸਾਂ, ਸਾਂ ਧੁ ਨੀ ਧੁ ਪ, ਮ ਪ ਧੁ ਨੀ ਸਾਂ ਧ ਨੀ ਧੁ ਪ, ਧੁ ਧੁ ਪ ਮ ਪ, ਗ ਮ ਰੇੁ ਰੇੁ ਸਾ, ਸਾ ਰੇੁ ਗ ਮ ਧੁ ਨੀ ਧੁ ਪ, ਮ ਪ ਧੁ ਨੀ ਸਾ ਰੇੁਂ ਸਾਂ ਨੀ ਧੁ ਪ, ਧੁ ਮ ਪ ਧੁ ਨੀ ਧੁ ਸਾਂ ਨੀ ਨੀ ਧੁ ਪ, ਧੁ ਪ ਧੁ, ਪ ਮ ਪ, ਮ ਗ ਰੇੁ, ਰੇੁ, ਸਾ ਰੇੁ ਨ਼ੀ ਸਾ, ਨ਼ੀ ਨ਼ੀ ਸਾ ਰੇੁ ਗ, ਗ ਰੇੁ ਗ ਮ ਪ, ਮ ਪ ਧੁ ਪ, ਧੁ ਪ ਮ ਪ ਧੁ ਨੀ ਸਾਂ, ਸਾਂ ਰੇੁਂ ਰੇੁ ਰੇੁਂ ਸਾਂ ਨੀ ਨੀ ਧੁ ਪ, ਮ ਪ, ਧੁ ਨੀ ਧੁ ਸਾਂ ਰੇੁਂ ਗਂ ਰੇੁਂ ਸਾਂ, ਸਾਂ ਰੇੁਂ ਗਂ ਮਂ ਗਂ (ਮਂ) ਰੇੁਂ ਸਾਂ, ਧੁ ਨੀ ਸਾ ਰੇੁਂ ਸਾਂ, ਰੇੁਂ ਗਂ ਗਂ ਰੇੁਂ ਸਾਂ, ਧੁ ਨੀ ਧੁ, ਮ ਪ ਧੁ ਨੀ ਸਾਂ, ਨੀ ਧੁ ਪ ਮ ਗ ਮ ਰੇੁ ਸਾ ਰੇੁ ਸਾ।

**ਭੈਰਉ ਮਹਲਾ ੫ ॥**

ਤੇਰੀ ਟੇਕ ਰਹਾ ਕਲਿ ਮਾਹਿ ॥ ਤੇਰੀ ਟੇਕ ਤੇਰੇ ਗੁਣ ਗਾਹਿ ॥
ਤੇਰੀ ਟੇਕ ਨ ਪੋਹੈ ਕਾਲੁ ॥ ਤੇਰੀ ਟੇਕ ਬਿਨਸੈ ਜੰਜਾਲੁ ॥੧॥
ਦੀਨ ਦੁਨੀਆ ਤੇਰੀ ਟੇਕ ॥ ਸਭ ਮਹਿ ਰਵਿਆ ਸਾਹਿਬੁ ਏਕ ॥੧॥ ਰਹਾਉ ॥
ਤੇਰੀ ਟੇਕ ਕਰਉ ਆਨੰਦ ॥ ਤੇਰੀ ਟੇਕ ਜਪਉ ਗੁਰਮੰਤ ॥
ਤੇਰੀ ਟੇਕ ਤਰੀਐ ਭਉ ਸਾਗਰ ॥ ਰਾਖਣਹਾਰ ਪੂਰਾ ਸੁਖ ਸਾਗਰੁ ॥੨॥

ਤੇਰੀ ਟੇਕ ਨਾਹੀ ਭਉ ਕੋਇ॥ ਅੰਤਰਜਾਮੀ ਸਾਚਾ ਸੋਇ॥
ਤੇਰੀ ਟੇਕ ਤੇਰਾ ਮਨਿ ਤਾਣੁ॥ ਈਹਾਂ ਊਹਾਂ ਤੂੰ ਦੀਬਾਣੁ॥੩॥
ਤੇਰੀ ਟੇਕ ਤੇਰਾ ਭਰਵਾਸਾ॥ ਸਗਲ ਧਿਆਵਹਿ ਪ੍ਰਭ ਗੁਣਤਾਸਾ॥
ਜਪਿ ਜਪਿ ਅਨਦੁ ਕਰਹਿ ਤੇਰੇ ਦਾਸਾ॥
ਸਿਮਰਿ ਨਾਨਕ ਸਾਚੇ ਗੁਣਤਾਸਾ॥੪॥੨੯॥੩੯॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1147)

**ਰਾਗ ਭੈਰਵ** **ਇਕ ਤਾਲ**

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| **ਸਥਾਈ** | | | | | | | | | | | |
| ਧੁ | ਧੁ | ਧੁ | ਪ | ਪ | ਪ | ਗ | ਗ | ਮ | ਰੇ | ਰੇ | ਸਾ |
| ਦੀ | ऽ | ਨ | ਦੁ | ਨੀ | ਆ | ਤੇ | ऽ | ਰੀ | ਟੇ | ऽ | ਕ |
| ਸਾ | ਸਾ | ਗਮ | ਪ | ਪ | ਪ | ਧੁ | ਧੁ | ਸਾਂਨੀ | ਧੁ | ਧੁ | ਪ |
| ਸ | ਭ | ਮੋਹਿ | ਰ | ਵਿ | ਆ | ਸਾ | ਹਿ | ਬੁऽ | ਏ | ऽ | ਕ |
| **ਅੰਤਰਾ** | | | | | | | | | | | |
| ਮ | ਮ | ਪ | ਧੁ | ਧੁ | ਨੀ | ਸਾਂ | ਸਾਂ | ਸਾਂਸਾਂ | ਰੇਂ | ਰੇਂ | ਸਾਂ |
| ਤੇ | ऽ | ਰੀ | ਟੇ | ਕ | ਰ | ਹਾ | ऽ | ਕਲਿ | ਮਾ | ऽ | ਹਿ |
| ਗਂ | ਗਂ | ਮਂ | ਰੇਂ | ਰੇਂ | ਸਾਂ | ਨੀ | ਸਾਂ | ਸਾਂਸਾਂ | ਧੁ | ਧੁ | ਪ |
| ਤੇ | ऽ | ਰੀ | ਟੇ | ਕ | ਤੇ | ਰੇ | ऽ | ਗੁਣ | ਗਾ | ऽ | ਹਿ |
| ਮ | ਮ | ਮ | ਪ | ਪ | ਪ | ਧੁ | ਧੁ | ਧੁ | ਪ | ਪ | ਪ |
| ਤੇ | ऽ | ਰੀ | ਟੇ | ਕ | ਨ | ਪੌ | ऽ | ਹੈ | ਕਾ | ऽ | ਲੁ |
| ਮ | ਮ | ਮ | ਪ | ਪ | ਪ | ਗ | ਗ | ਮ | ਰੇ | ਰੇ | ਸਾ |
| ਤੇ | ऽ | ਰੀ | ਟੇ | ਕ | ਬਿਨੁ | ਸੈ | ऽ | ਜੰ | ਜਾ | ऽ | ਲ |

ਨੋਟ : ਸ਼ਬਦ ਦੇ ਬਾਕੀ ਅੰਤਰੇ ਉਪਰੋਕਤ ਅਨੁਸਾਰ ਗਾਇਨ ਕੀਤੇ ਜਾਣ।

# 25. ਰਾਗੁ ਬਸੰਤ

ਪਹਿਲ ਬਸੰਤੈ ਆਗਮਨਿ ਤਿਸ ਦਾ ਕਰਹੁ ਬੀਚਾਰੁ।
ਨਾਨਕ ਸੋ ਸਾਲਾਹੀਐ ਜਿ ਸਭ ਸੈ ਦੇਹ ਆਧਾਰੁ॥

ਸੰਗੀਤਕਾਰਾਂ ਨੇ ਬਸੰਤ ਰਾਗ ਨੂੰ ਰੁੱਤ ਕਾਲੀਨ ਰਾਗ ਮੰਨਿਆ ਹੈ। ਭਾਰਤੀ ਸੰਗੀਤ ਪਰੰਪਰਾ ਅਨੁਸਾਰ, ਬਸੰਤ ਰੁੱਤ ਨੇ ਉਤਸ਼ਾਹ ਤੇ ਉਤਸ਼ਾਹ ਨੂੰ ਪ੍ਰਗਟਾਉਣ ਲਈ ਇਸ ਰਾਗ ਨੂੰ ਮਾਧਿਅਮ ਬਣਾਇਆ ਜਾਂਦਾ ਹੈ। ਇਹੋ ਕਾਰਨ ਹੈ ਕਿ ਇਸ ਰਾਗ ਦੀਆਂ ਰਚਨਾਵਾਂ ਵਿਚ ਬਸੰਤ ਰੁੱਤ ਦਾ ਚਿਤਰਣ ਵਧੇਰੇ ਹੁੰਦਾ ਹੈ। ਗੁਰੂ ਅੰਗਦ ਦੇਵ ਜੀ ਤੋਂ ਬਿਨਾਂ ਬਾਕੀ ਸਾਰੇ ਗੁਰੂ ਸਾਹਿਬਾਨਾਂ ਨੇ ਇਸ ਰਾਗ ਵਿਚ ਰਚਨਾ ਕੀਤੀ। ਬਸੰਤ ਇਕ ਪੁਰਾਤਨ ਤੇ ਪ੍ਰਸਿੱਧ ਰਾਗ ਹੈ। ਪੁਰਾਤਨ ਮੱਧ ਤੇ ਵਰਤਮਾਨ ਸੰਗੀਤ ਦੇ ਹਰੇਕ ਗ੍ਰੰਥ ਵਿਚ ਇਸ ਦਾ ਉਲੇਖ ਮਿਲਦਾ ਹੈ। ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ, 'ਬਨਸਪਤਿ ਮਉਲੀ ਚੜਿਆ ਬਸੰਤ'।

ਬਸੰਤ ਦੇ ਦਿਨਾਂ ਵਿਚ ਭਾਵ ਆਪ ਜੀ ਤੋਂ ਹੀ ਹਰ ਦੀਵਾਨ ਵਿਚ ਕੀਰਤਨ ਦੀ ਸਮਾਪਤੀ ਤੋਂ ਉਪਰੰਤ ਬਸੰਤ ਦੀ ਵਾਰ ਦਾ ਕੀਰਤਨ ਹੁੰਦਾ ਹੈ, ਜੋ ਕਿ ਹੋਲੇ-ਮਹੱਲੇ ਤੱਕ ਪੜ੍ਹੀ ਜਾਂਦੀ ਹੈ ਅਤੇ ਇਸ ਪ੍ਰਕਾਰ ਹੈ :

ਹਰਿ ਕਾ ਨਾਮ ਧਿਆਇ ਕੈ ਹੋਹੁ ਹਰਿਆ ਭਾਈ।
ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ।...

ਬਸੰਤ ਰਾਗ ਦੇ ਸਰੂਪ ਬਾਰੇ ਭਿੰਨ-ਭਿੰਨ ਮਤ ਪ੍ਰਚਲਿਤ ਰਹੇ ਹਨ। ਇਕ ਮਤ ਅਨੁਸਾਰ, ਇਹ ਮਾਰਵਾ ਥਾਟ ਦੇ ਅੰਤਰਗਤ ਹੈ ਅਤੇ ਇਹ ਇਕ ਸੰਪੂਰਨ ਰਾਗ ਹੈ। ਦੂਜੇ ਮਤ ਅਨੁਸਾਰ, ਮਾਰਵਾ ਥਾਟ ਤੇ ਪੰਚਮ ਵਰਜਿਤ, ਤੀਜੇ ਅਨੁਸਾਰ, ਥਾਟ ਪੂਰਵੀ ਤੀਵਰ ਮਧਿਅਮ ਅਤੇ ਚੌਥੇ ਨੇ ਪੂਰਵੀ ਥਾਟ ਦੇ ਅੰਤਰਗਤ ਦੋਵੇਂ ਮਧਿਅਮ ਪ੍ਰਯੋਗ ਕਰਨ ਦੀ ਪ੍ਰਥਾ ਦੱਸੀ ਹੈ।

ਕੁਝ ਗ੍ਰੰਥਦਾਰ ਬਸੰਤ ਰਾਗ ਵਿਚ ਗੰਧਾਰ ਕੋਮਲ ਤੇ ਥਾਟ ਤੋੜੀ ਮੰਨਦੇ ਹਨ। ਪਰੰਤੂ ਵਰਤਮਾਨ ਸਮੇਂ ਪੂਰਵੀ ਥਾਟ ਦੇ ਬਸੰਤ ਵਿਚ ਦੋ ਮਧਿਅਮ ਪ੍ਰਯੋਗ ਵਾਲਾ ਪ੍ਰਕਾਰ ਵਧੇਰੇ ਪ੍ਰਚਲਿਤ ਅਤੇ ਰੰਜਕ ਪ੍ਰਤੀਤ ਹੁੰਦਾ ਹੈ, ਜਿਸ ਦਾ ਸਰੂਪ ਇਸ ਪ੍ਰਕਾਰ ਹੈ।[11]

| | |
|---|---|
| ਥਾਟ | ਪੂਰਵੀ |
| ਜਾਤੀ | ਔੜਵ-ਸੰਪੂਰਨ |
| ਵਾਦੀ | ਤਾਰ ਸ਼ੜਜ |
| ਸੰਵਾਦੀ | ਮਧਿਅਮ |
| ਸਮਾਂ | ਬਸੰਤ ਰੁੱਤ ਵਿਚ ਹਰ ਵੇਲੇ, ਵੈਸੇ ਮੱਧ ਰਾਤ |
| ਸੁਰ | ਰਿਸ਼ਭ ਧੈਵਤ ਕੋਮਲ, ਮਧਿਅਮ ਦੋਨੋਂ, ਬਾਕੀ ਸਾਰੇ ਸ਼ੁੱਧ |
| ਵਰਜਿਤ ਸੁਰ | ਆਰੋਹ ਵਿਚ ਰਿਸ਼ਭ ਪੰਚਮ ਵਰਜਿਤ |
| ਆਰੋਹ | ਸਾ, ਗ ਮੰ ਧੁ, ਰੇਂ ਸਾਂ |
| ਅਵਰੋਹ | ਸਾਂ, ਰੇਂ ਨੀ ਧੁ ਪ, ਮੰ ਗ, ਮੰ ਗ, ਰੇ ਸਾ |
| ਮੁੱਖ ਅੰਗ | ਮ ਧ ਰੇਂ ਸਾਂ, ਰੇਂ ਨੀ ਧੁ ਪ, ਮੰ ਗ ਮੰ ਗ |

ਗੁਰਮਤਿ ਸੰਗੀਤ ਵਿਦਵਾਨਾਂ ਨੇ ਬਿਲਾਵਲ ਥਾਟ ਵਾਲੇ ਬਸੰਤ ਨੂੰ ਤਰਜੀਹ ਦਿੱਤੀ ਹੈ, ਜਿਸ ਵਿਚ ਸਾਰੇ ਸ਼ੁੱਧ ਸਵਰ ਅਤੇ ਆਰੋਹ ਵਿਚ ਰਿਸ਼ਭ ਪੰਚਮ ਵਰਜਿਤ ਮੰਨਿਆ ਹੈ। ਜਾਤੀ ਔੜਵ-ਸੰਪੂਰਨ ਹੀ ਮੰਨੀ ਹੈ। ਵਾਦੀ ਸ਼ੜਜ ਅਤੇ ਸੰਵਾਦੀ ਮਧਿਅਮ ਮੰਨਿਆ ਹੈ। ਸਮਾਂ ਦਿਨ ਦਾ ਦੂਜਾ ਪਹਿਰ ਅਤੇ ਬਸੰਤ ਰੁੱਤ ਸਵੀਕਾਰਿਆ ਹੈ। ਆਰੋਹ ਅਵਰੋਹ ਇਸ ਪ੍ਰਕਾਰ ਹੈ :

| | |
|---|---|
| ਆਰੋਹ | ਸਾ ਗ ਮ, ਧ ਨੀ ਸਾਂ |
| ਅਵਰੋਹ | ਸਾਂ ਨੀ ਧ ਪ ਮ ਗ ਰੇ ਸਾ |
| ਮੁੱਖ ਅੰਗ | ਗ ਮ ਧ ਨੀ ਸਾਂ, ਸਾਂ ਨੀ ਧ ਪ ਮ ਗ, ਰੇ ਸਾ |

